www.rozanasavera.com

HAPPY Baisakhi

# ਰੋਜ਼ਾਨਾ ਸਵੇਰਾ

ਬਠਿੰਡਾ (ਮਹੀਨਾਵਾਰ)

ਪੰਜਾਬੀਆਂ ਦੇ ਹੱਕ ਦੀ ਆਵਾਜ਼

ਸ਼ੁੱਕਰਵਾਰ,14 ਅਪ੍ਰੈਲ 2023 • ਪੰਨੇ 8, ਅੰਕ 12, • ਮੁੱਲ- 5.00 ਰੁਪਏ • ਮੁੱਖ ਸੰਪਾਦਕ- ਰਮਨਪ੍ਰੀਤ ਸਿੰਘ • RNI. T.Code- PUNPUN04267 • www.epaper.rozanasavera.com • ਫੋਨ. 98032-98016

## ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਪੁਰਬ ਮੌਕੇ ਮੁੱਖ ਮੰਤਰੀ ਨੇ ਮਿਊਜ਼ੀਅਮ ਕੀਤਾ ਲੋਕਾਂ ਨੂੰ ਸਮਰਪਿਤ

## ਅਤਿ-ਆਧੁਨਿਕ ਤਕਨੀਕ ਅਤੇ ਆਡੀਓ-ਵੀਡੀਓ ਪੇਸ਼ਕਾਰੀ ਨਾਲ ਲੈਸ ਅਜਾਇਬ ਘਰ ਗੁਰੂ ਸਾਹਿਬ ਦੀ ਸੋਚ ਲੋਕਾਂ ਤੱਕ ਪਹੁੰਚਾਉਣ 'ਚ ਸਹਾਈ ਹੋਵੇਗਾ

**ਸ੍ਰੀ ਆਨੰਦਪੁਰ ਸਾਹਿਬ, -ਰੋਜ਼ਾਨਾ ਸਵੇਰਾ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮੰਗਲਵਾਰ ਨੂੰ ਨਵੀਨੀਕਰਨ ਤੋਂ ਬਾਅਦ ਗੁਰੂ ਤੇਗ ਬਹਾਦਰ ਮਿਊਜ਼ੀਅਮ ਲੋਕਾਂ ਨੂੰ ਸਮਰਪਿਤ ਕੀਤਾ ਅਤੇ ਲੋਕਾਂ ਨੂੰ ਨੌਵੇਂ ਪਾਤਸ਼ਾਹ ਵੱਲੋਂ ਦਿਖਾਏ ਧਾਰਮਿਕ ਨਿਰਪੱਖਤਾ ਤੇ ਮਨੁੱਖਤਾ ਦੀ ਸੇਵਾ ਦੇ ਉੱਚੇ-ਸੁੱਚੇ ਵਿਚਾਰਾਂ ਨੂੰ ਆਪਣੇ ਜੀਵਨ ਵਿੱਚ ਅਪਨਾਉਣ ਲਈ ਆਖਿਆ।



ਇੱਥੇ ਪੰਜ ਪਿਆਰਾ ਪਾਰਕ ਵਿੱਚ ਚੱਲ ਰਹੇ ਕੰਮ ਦੀ ਸਮੀਖਿਆ ਕਰਨ ਮਗਰੋਂ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਨੌਵੇਂ ਪਾਤਸ਼ਾਹ ਵੱਲੋਂ ਵਰੋਸਾਇਆ ਪਵਿੱਤਰ ਸ਼ਹਿਰ ਸ੍ਰੀ ਆਨੰਦਪੁਰ ਸਾਹਿਬ ਸਮਾਜਿਕ ਬਰਾਬਰੀ ਤੇ ਧਰਮ ਨਿਰਪੱਖਤਾ ਦਾ ਧੁਰਾ ਹੈ ਕਿਉਂਕਿ ਨੌਵੇਂ ਪਾਤਸ਼ਾਹ ਨੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਆਪਣੇ ਜੀਵਨ ਦਾ ਬਲੀਦਾਨ ਦਿੱਤਾ। ਭਗਵੰਤ ਮਾਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ 'ਹਿੰਦ ਦੀ ਚਾਦਰ' ਸ੍ਰੀ ਗੁਰੂ ਤੇਗ ਬਹਾਦਰ ਜੀ ਵੱਲੋਂ ਦਿਖਾਏ ਆਤਮ ਬਲੀਦਾਨ ਦੇ ਰਾਹ ਨੂੰ ਜ਼ਿੰਦਗੀ ਵਿੱਚ ਅਪਨਾਉਣ। ਉਨ੍ਹਾਂ ਕਿਹਾ ਕਿ ਨੌਵੇਂ ਪਾਤਸ਼ਾਹ ਨੇ ਮਨੁੱਖਤਾ ਤੇ ਧਾਰਮਿਕ ਨਿਰਪੱਖਤਾ ਦੀਆਂ ਕਦਰਾਂ ਕੀਮਤਾਂ ਨੂੰ ਬਰਕਰਾਰ ਰੱਖਣ ਤੋਂ ਇਲਾਵਾ ਧਾਰਮਿਕ ਆਜ਼ਾਦੀ ਦੀ ਰਾਖੀ ਲਈ ਬਲੀਦਾਨ ਦਿੱਤਾ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਸਾਰੇ ਮਨੁੱਖਾਂ ਦੇ ਇਕੋ ਜੋਤ ਵਿੱਚੋਂ ਉਪਜਣ, ਭਾਈਚਾਰਕ ਸਾਂਝ, ਸੱਚ ਦੇ ਰਾਹ ਉਤੇ ਚੱਲਣ, ਬਹਾਦਰੀ ਤੇ ਦਿਆ ਦਾ ਮਾਰਗ ਦਿਖਾਇਆ ਗਿਆ ਹੈ, ਜਿਸ ਉਤੇ ਸਾਰਿਆਂ ਨੂੰ ਚੱਲਣ ਦੀ ਲੋੜ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਮਨੁੱਖਤਾ ਦੇ ਇਤਿਹਾਸ ਵਿੱਚ ਧਰਮ ਦੀ ਰਾਖੀ ਲਈ ਗੁਰੂ ਤੇਗ ਬਹਾਦਰ ਜੀ ਵੱਲੋਂ ਦਿੱਤਾ ਬਲੀਦਾਨ ਅਦੁੱਤੀ ਹੈ ਅਤੇ ਇਹ ਸਮੁੱਚੀ ਮਾਨਵਤਾ ਲਈ ਇਕ ਮਿਸਾਲ ਹੈ। ਉਨ੍ਹਾਂ ਕਿਹਾ ਕਿ ਇਹ ਮਿਊਜ਼ੀਅਮ ਨੌਵੇਂ ਪਾਤਸ਼ਾਹ ਨੂੰ ਨਿਮਾਣੀ ਜਿਹੀ ਸ਼ਰਧਾਂਜਲੀ ਹੈ, ਜਿਨ੍ਹਾਂ ਧਾਰਮਿਕ ਆਜ਼ਾਦੀ ਤੇ ਸੱਚ ਦੇ ਮਾਰਗ ਉਤੇ ਚੱਲਣ ਵਾਲੀਆਂ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਣ ਲਈ ਲਾਮਿਸਾਲ ਕੁਰਬਾਨੀ ਦਿੱਤੀ। ਭਗਵੰਤ ਮਾਨ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਮਹਾਨ ਬਲੀਦਾਨ ਸਾਨੂੰ ਸਾਰਿਆਂ ਨੂੰ ਚੇਤੇ ਰੱਖਣਾ ਚਾਹੀਦਾ ਹੈ ਅਤੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਦੁਨੀਆ ਦੇ ਕੋਨੇ-ਕੋਨੇ ਤੱਕ ਜ਼ਰੂਰ ਪਹੁੰਚਾਉਣਾ ਚਾਹੀਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਤੇ ਫਲਸਫ਼ਾ ਸਮੁੱਚੀ ਮਾਨਵਤਾ ਲਈ ਮਾਰਗ ਦਰਸ਼ਕ ਹੈ ਅਤੇ ਇਹ ਮਿਊਜ਼ੀਅਮ ਜਿੱਥੇ ਇਕ ਪਾਸੇ ਇਸ ਸ਼ਾਨਾਮੱਤੀ ਵਿਰਾਸਤ ਬਾਰੇ ਲੋਕਾਂ ਨੂੰ ਜਾਣੂੰ ਕਰਵਾਏਗਾ, ਉੱਥੇ ਦੂਜੇ ਪਾਸੇ ਲੋਕਾਂ ਦੇ ਆਪਸੀ ਰਿਸ਼ਤਿਆਂ ਨੂੰ ਮਜ਼ਬੂਤ ਕਰੇਗਾ। ਸ੍ਰੀ ਆਨੰਦਪੁਰ ਸਾਹਿਬ ਦੇ ਨੀਂਹ ਪੱਥਰ ਨੂੰ ਭਾਰਤੀ ਇਤਿਹਾਸ ਦੀ ਕ੍ਰਾਂਤੀਕਾਰੀ ਘਟਨਾ ਦੱਸਦਿਆਂ ਉਨ੍ਹਾਂ ਕਿਹਾ ਕਿ ਨੌਵੇਂ ਪਾਤਸ਼ਾਹ ਨੇ ਇਸੇ ਪਵਿੱਤਰ ਧਰਤੀ ਉਤੇ ਸਮਾਜਿਕ ਬਰਾਬਰੀ ਤੇ ਧਾਰਮਿਕ ਨਿਰਪੱਖਤਾ ਦੀ ਨੀਂਹ ਰੱਖੀ। ਉਨ੍ਹਾਂ ਕਿਹਾ ਕਿ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਇਸ ਪਵਿੱਤਰ ਧਰਤੀ ਉਤੇ ਖ਼ਾਲਸਾ ਪੰਥ ਦੀ ਨੀਂਹ ਰੱਖੀ, ਜਿਹੜੀ ਦੇਸ਼ ਵਿੱਚ ਜਾਤ-ਪਾਤ ਰਹਿਤ ਧਰਮ ਨਿਰਪੱਖ ਸਮਾਜ ਦੀ ਕਾਇਮੀ ਲਈ ਮੀਲ ਪੱਥਰ ਸਾਬਤ ਹੋਈ। ਮੁੱਖ ਮੰਤਰੀ ਨੇ ਕਿਹਾ ਕਿ ਇਹ ਵੱਡੇ ਮਾਣ ਵਾਲੀ ਗੱਲ ਹੈ ਕਿ ਇਹ ਮਿਊਜ਼ੀਅਮ ਅਤਿ-ਆਧੁਨਿਕ ਤਕਨਾਲੋਜੀ ਅਤੇ ਆਡੀਓ-ਵੀਡੀਓ ਪੇਸ਼ਕਾਰੀ ਨਾਲ ਲੈਸ ਹੋਣ ਮਗਰੋਂ ਲੋਕਾਂ ਨੂੰ ਮੁੜ ਸਮਰਪਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਮਿਊਜ਼ੀਅਮ ਵਿੱਚ ਗੁਰੂ ਸਾਹਿਬ ਦੇ ਜੀਵਨ ਤੇ ਸਿੱਖਿਆਵਾਂ ਬਾਰੇ ਕੰਧਾਂ ਉਤੇ ਲੱਗੀਆਂ ਪੇਂਟਿੰਗਾਂ ਰਾਹੀਂ ਹੀ ਦਰਸਾਇਆ ਜਾਂਦਾ ਸੀ ਅਤੇ ਆਡੀਓ-ਵੀਡੀਓ ਪੇਸ਼ਕਾਰੀ ਤੇ ਰੋਸ਼ਨੀਆਂ ਦਾ ਕੋਈ ਪ੍ਰਬੰਧ ਨਹੀਂ ਸੀ। ਭਗਵੰਤ ਮਾਨ ਨੇ ਕਿਹਾ ਕਿ ਇਸ ਮਿਊਜ਼ੀਅਮ ਦੇ ਨਵੀਨੀਕਰਨ ਦਾ ਕੰਮ ਪਿਛਲੇ ਇਕ ਸਾਲ ਦੌਰਾਨ ਬਹੁਤ ਤੇਜ਼ ਗਤੀ ਨਾਲ ਚੱਲਿਆ ਅਤੇ ਇਸ ਉਤੇ ਤਕਰੀਬਨ 2 ਕਰੋੜ ਰੁਪਏ ਦੀ ਲਾਗਤ ਆਈ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਗੁਰੂ ਸਾਹਿਬ ਵੱਲੋਂ ਧਰਮ ਦੀ ਰਾਖੀ ਲਈ ਦਿੱਤੇ ਬਲੀਦਾਨ ਬਾਰੇ ਵਿਸ਼ਾ-ਵਸਤੂ ਅਤੇ ਸਿੱਖਿਆਵਾਂ ਨੂੰ 2ਡੀ ਵਰਗੀ ਆਧੁਨਿਕ ਤਕਨਾਲੋਜੀ ਦੀ ਵਰਤੋਂ ਰਾਹੀਂ ਐਨੀਮੇਸ਼ਨ ਵੀਡੀਓਜ਼, ਰੋਸ਼ਨੀਆਂ ਤੇ ਮੌਖਿਕ ਜਾਣਕਾਰੀ ਰਾਹੀਂ ਦਰਸਾਇਆ (ਬਾਕੀ ਸਫ਼ਾ 2 'ਤੇ)

## ਮੋਦੀ ਨੇ ਸ੍ਰੀ ਗੁਰੂ ਤੇ.ਗ ਬਹਾਦਰ ਜੀ ਨੂੰ ਕੀਤਾ ਨਮਨ, ਕਿਹਾ- ਬੇਮਿਸਾਲ ਸਾਹਸ ਪ੍ਰੇਰਨਾਦਾਇਕ ਹੈ

**ਨਵੀਂ ਦਿੱਲੀ -ਰੋਜ਼ਾਨਾ ਸਵੇਰਾ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਧਰਮ, ਮਨੁੱਖੀ ਕਦਰਾਂ-ਕੀਮਤਾਂ, ਆਦਰਸ਼ਾਂ ਅਤੇ ਸਿਧਾਂਤਾਂ ਦੀ ਰੱਖਿਆ ਲਈ ਆਪਣਾ ਜੀਵਨ ਕੁਰਬਾਨ ਕਰਨ ਵਾਲੇ ਸਿੱਖਾਂ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇ.ਗ ਬਹਾਦਰ ਜੀ ਦੇ ਪ੍ਰਕਾਸ਼ ਪੁਰਬ ਮੌਕੇ ਉਨ੍ਹਾਂ ਨੂੰ ਨਮਨ ਕੀਤਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਬੇਮਿਸਾਲ ਸਾਹਸ ਅਤੇ ਸੱਚਾਈ ਦੇ ਨਾਲ-ਨਾਲ ਨਿਆਂ ਦੀਆਂ ਕਦਰਾਂ-ਕੀਮਤਾਂ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਬਹੁਤ ਪ੍ਰੇਰਨਾਦਾਇਕ ਹੈ।



ਪ੍ਰਧਾਨ ਮੰਤਰੀ ਨੇ ਟਵੀਟ ਕਰ ਕੇ ਕਿਹਾ ਕਿ ਮੈਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਉਨ੍ਹਾਂ ਦੇ ਪ੍ਰਕਾਸ਼ ਪੁਰਬ 'ਤੇ ਨਮਨ ਕਰਦਾ ਹਾਂ। ਉਨ੍ਹਾਂ ਦੇ ਬੇਮਿਸਾਲ ਸਾਹਸ ਅਤੇ ਸੱਚ ਦੇ ਨਾਲ-ਨਾਲ ਨਿਆਂ ਦੀਆਂ ਕਦਰਾਂ-ਕੀਮਤਾਂ ਪ੍ਰਤੀ ਵਚਨਬੱਧਤਾ ਬਹੁਤ ਪ੍ਰੇਰਨਾਦਾਇਕ ਹੈ। ਪ੍ਰਧਾਨ ਮੰਤਰੀ ਨੇ ਇਸ ਦੇ ਨਾਲ ਹੀ ਗੁਰੂ ਤੇਗ ਬਹਾਦਰ ਜੀ ਦੇ 400ਵੇਂ ਪ੍ਰਕਾਸ਼ ਪੁਰਬ ਮੌਕੇ ਰਾਜਧਾਨੀ ਦਿੱਲੀ ਦੇ ਲਾਲ ਕਿਲ੍ਹੇ 'ਤੇ ਦਿੱਤੇ ਗਏ ਆਪਣੇ ਭਾਸ਼ਣ ਨੂੰ ਵੀ ਸਾਂਝਾ ਕੀਤਾ। ਇਸ ਮੌਕੇ ਪ੍ਰਧਾਨ ਮੰਤਰੀ ਨੇ ਗੁਰੂ ਤੇਗ ਬਹਾਦਰ ਜੀ ਦੇ 400ਵੇਂ ਪ੍ਰਕਾਸ਼ ਪੁਰਬ ਮੌਕੇ ਵਿਸ਼ੇਸ਼ ਸਿੱਕਾ ਅਤੇ ਡਾਕ ਟਿਕਟ ਵੀ ਜਾਰੀ ਕੀਤੀ ਸੀ।

ਦੱਸ ਦੇਈਏ ਕਿ ਗੁਰੂ ਤੇਗ ਬਹਾਦਰ ਜੀ ਦਾ ਜਨਮ ਵੈਸਾਖ ਕ੍ਰਿਸ਼ਨ ਪੰਚਮੀ ਨੂੰ ਪਿਤਾ ਗੁਰੂ ਹਰਗੋਬਿੰਦ ਜੀ ਅਤੇ ਮਾਤਾ ਨਾਨਕੀ ਦੇ ਘਰ ਅੰਮ੍ਰਿਤਸਰ ਵਿਖੇ ਹੋਇਆ ਸੀ। ਨਾਨਕਸ਼ਾਹੀ ਕੈਲੰਡਰ ਮੁਤਾਬਕ ਇਸ ਵਾਰ ਉਨ੍ਹਾਂ ਦਾ ਪ੍ਰਕਾਸ਼ ਪੁਰਬ 11 ਅਪ੍ਰੈਲ ਨੂੰ ਮਨਾਇਆ ਜਾ ਰਿਹਾ ਹੈ। ਮੁਗਲ ਬਾਦਸ਼ਾਹ ਔਰੰਗਜ਼ੇਬ ਵਲੋਂ ਕਸ਼ਮੀਰੀ ਪੰਡਿਤਾਂ ਦੀ ਧਾਰਮਿਕ ਆਜ਼ਾਦੀ ਦੇ ਸਮਰਥਨ ਲਈ ਉਨ੍ਹਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ। ਉਨ੍ਹਾਂ ਦਾ ਸ਼ਹੀਦੀ ਦਿਹਾੜਾ 24 ਨਵੰਬਰ ਨੂੰ ਮਨਾਇਆ ਜਾਂਦਾ ਹੈ

ਸਿਵਲ ਹਸਪਤਾਲ, ਰਾਮਪੁਰਾ ਫੂਲ (ਜਿਲ੍ਹਾ ਬਠਿੰਡਾ)

ਵਧੀਆ ਸੇਵਾਵਾਂ ਬਦਲੇ ਜਾਣੇ ਜਾਂਦੇ ਨੇਕ ਸੁਭਾਅ ਦੇ ਮਾਲਕ

ਫੋਨ. 95697-35081



ਡਾ. ਅਸ਼ੀਸ਼ ਬਜਾਜ

(ਬੱਚਿਆਂ ਦੇ ਮਾਹਿਰ)

## ਸਲਮਾਨ ਖ਼ਾਨ ਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਵਾਲਾ 16 ਸਾਲਾ ਲੜਕਾ ਗ੍ਰਿ.ਫਤਾਰ

**ਮੁੰਬਈ, -ਰੋਜ਼ਾਨਾ ਸਵੇਰਾ-**


57 ਸਾਲਾ ਅਦਾਕਾਰ ਸਲਮਾਨ ਖਾਨ ਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਦੇ ਦੋਸ਼ ਵਿੱਚ ਮੁੰਬਈ ਪੁਲੀਸ ਨੇ ਠਾਣੇ ਜ਼ਿਲ੍ਹੇ ਦੇ 16 ਸਾਲਾ ਲੜਕੇ ਨੂੰ ਹਿਰਾਸਤ ਵਿੱਚ ਲਿਆ ਹੈ। ਲੜਕੇ ਨੇ ਕਥਿਤ ਤੌਰ 'ਤੇ ਪੁਲੀਸ ਕੰਟਰੋਲ ਰੂਮ 'ਤੇ ਕਾਲ ਕਰਕੇ ਸਲਮਾਨ ਖਾਨ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਸੀ। ਇਹ ਕਾਲ ਸੋਮਵਾਰ ਨੂੰ ਮੁੰਬਈ ਪੁਲੀਸ ਦੇ ਮੁੱਖ ਕੰਟਰੋਲ ਰੂਮ ਕੋਲ ਆਈ ਸੀ। ਮਿਲੀ ਜਾਣਕਾਰੀ ਦੇ ਆਧਾਰ 'ਤੇ ਪੁਲੀਸ ਮੁੰਬਈ ਤੋਂ 70 ਕਿਲੋਮੀਟਰ ਦੂਰ ਠਾਣੇ ਦੇ ਸ਼ਾਹਪੁਰ 'ਚ ਪਹੁੰਚੀ ਤਾਂ ਪਤਾ ਲੱਗਾ ਕਿ ਇਹ ਕਾਲ 16 ਸਾਲਾ ਲੜਕੇ ਨੇ ਕੀਤੀ ਸੀ। ਲੜਕਾ ਰਾਜਸਥਾਨ ਦਾ ਵਾਸੀ ਹੈ। ਬਾਲੀਵੁੱਡ ਸੁਪਰਸਟਾਰ ਸਲਮਾਨ ਖ਼ਾਨ ਨੂੰ ਲੈ ਕੇ ਇਕ ਹੈਰਾਨ ਕਰਨ ਵਾਲੀ ਖ਼ਬਰ ਸਾਹਮਣੇ ਆਈ ਹੈ। ਸਲਮਾਨ ਨੂੰ ਇਕ ਵਾਰ ਮੁੜ ਧਮਕੀ ਭਰੀ ਫੋਨ ਕਾਲ ਆਈ ਹੈ।



## ਪਾਰਟੀ ਦੀ ਚਿਤਾਵਨੀ ਦੇ ਬਾਵਜੂਦ ਸਚਿਨ ਪਾਇਲਟ ਨੇ 'ਆਪਣੀ ਸਰਕਾਰ' ਖ਼ਿਲਾ.ਫ ਕੀਤੀ ਭੁੱਖ ਹੜਤਾਲ

**ਜੈਪੁਰ, -ਰੋਜ਼ਾਨਾ ਸਵੇਰਾ-**

ਕਾਂਗਰਸ ਵੱਲੋਂ ਚਿਤਾਵਨੀ ਦੇਣ ਦੇ ਬਾਵਜੂਦ ਰਾਜਸਥਾਨ ਦੇ ਸਾਬਕਾ ਉਪ ਮੁੱਖ ਮੰਤਰੀ ਸਚਿਨ ਪਾਇਲਟ ਨੇ ਰਾਜ ਦੀ ਸਾਬਕਾ ਮੁੱਖ ਮੰਤਰੀ ਵਸੁੰਧਰਾ ਰਾਜੇ ਸਰਕਾਰ ਵਿੱਚ ਕਥਿਤ ਭ੍ਰਿਸ਼ਟਾਚਾਰ ਖ਼ਿਲਾਫ਼ ਇੱਥੇ ਸ਼ਹੀਦ ਯਾਦਗਾਰ 'ਤੇ ਇੱਕ ਦਿਨ ਦੀ ਭੁੱਖ ਹੜਤਾਲ ਕੀਤੀ ਤੇ ਇਸ ਨੂੰ ਖਤਮ ਕਰਨ ਦੌਰਾਨ ਐਲਾਨ ਕੀਤਾ ਕਿ ਭ੍ਰਿਸ਼ਟਾਚਾਰ ਖ਼ਿਲਾਫ਼ ਉਨ੍ਹਾਂ ਦੀ ਲੜਾਈ ਜਾਰੀ ਰਹੇਗੀ। ਸ਼ਹੀਦ ਯਾਦਗਾਰ 'ਤੇ ਪਹੁੰਚਣ ਤੋਂ ਪਹਿਲਾਂ ਪਾਇਲਟ ਨੇ ਇੱਥੇ 22 ਗੋਦਾਮ ਸਰਕਲ ਨੇੜੇ ਸਮਾਜ ਸੁਧਾਰਕ ਜੋਤੀਬਾ ਫੂਲੇ ਦੇ ਬੁੱਤ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਤੋਂ ਬਾਅਦ ਉਹ ਸ਼ਹੀਦੀ ਯਾਦਗਾਰ ਲਈ ਰਵਾਨਾ ਹੋਏ, ਜਿੱਥੇ ਉਨ੍ਹਾਂ ਦੇ ਵੱਡੀ ਗਿਣਤੀ ਸਮਰਥਕ ਮੌਜੂਦ ਸਨ। ਪਾਇਲਟ ਨੇ ਵਸੁੰਧਰਾ ਰਾਜੇ ਦੀ ਅਗਵਾਈ ਵਾਲੀ ਪਿਛਲੀ ਭਾਜਪਾ ਸਰਕਾਰ ਦੇ ਕਥਿਤ ਭ੍ਰਿਸ਼ਟਾਚਾਰ ਦੇ ਮਾਮਲਿਆਂ ਖ਼ਿਲਾਫ਼ ਅਸ਼ੋਕ ਗਹਿਲੋਤ ਸਰਕਾਰ ਤੋਂ ਕਾਰਵਾਈ ਦੀ ਮੰਗ ਕਰਨ ਲਈ ਇੱਕ ਦਿਨ ਦੀ ਭੁੱਖ ਹੜਤਾਲ ਦਾ ਐਲਾਨ ਕੀਤਾ ਸੀ।




THE MIIGRATORS

A VISA LEADER

YOU WANT TO MOVE

AUSTRALIA

CANADA

UK

NZ



OUR SERVICES

STUDY VISA

SPOUSE VISA

IELTS

PTE

BRANCHES

BATHINDA, BARNALA, DELHI

RAMPURA, BAGHA PURANA, AUSTRALIA

MANSA, MOGA, CANADA

BHAWANIGARH, CHANDIGARH, UK

CALL US:-

+91 85620-00014, 90826 210005000

Phul Road, Near Truck Union,Rampura Phul


Rishu.kumar@themiigrators.com

www.themiigrators.com

OUR PRODUCTS

APLIFAST | PTETUTORS | PTEVOUCHER STORE | Apply Caipsnote | International Student Health Insurance

Success Stories



## ਸੰਪਾਦਕੀ

# ਜਲੰਧਰ ਲੋਕ ਸਭਾ ਉਪ ਚੋਣ: ਇਤਿਹਾਸਕ ਪਰਿਪੇਖ

ਅਗਲੇ ਮਹੀਨੇ ਦੀ 10 ਤਾਰੀਖ਼ ਨੂੰ ਜਲੰਧਰ ਲੋਕ ਸਭਾ ਦੀ ਉਪ ਚੋਣ ਹੋਣ ਜਾ ਰਹੀ ਹੈ। ਇਹ ਸੀਟ ਇਸ ਹਲਕੇ ਦੀ 2009 ਤੋਂ ਨੁਮਾਇੰਦਗੀ ਕਰ ਰਹੇ ਚੌਧਰੀ ਸੰਤੋਖ ਸਿੰਘ ਦੀ ਜਨਵਰੀ 2023 ਵਿਚ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਦੇ ਪੰਜਾਬ ਵਿਚ ਲਾਂਘੇ ਦੌਰਾਨ ਦਿਲ ਦਾ ਦੌਰਾ ਪੈਣ ਕਰਕੇ ਹੋਈ ਮੌਤ ਨਾਲ ਖ਼ਾਲੀ ਹੋਈ ਸੀ। ਇਹ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਮਾਰਚ 2022 ਵਿਚ ਸਰਕਾਰ ਬਣਨ ਤੋਂ ਬਾਅਦ ਦੂਜੀ ਉਪ ਚੋਣ ਹੈ। ਪਹਿਲੀ ਉਪ ਚੋਣ ਜੂਨ 2022 ਵਿਚ ਸੰਗਰੂਰ ਲੋਕ ਸਭਾ ਹਲਕੇ ਵਿਚ ਮੌਜੂਦਾ ਮੁੱਖ-ਮੰਤਰੀ ਭਗਵੰਤ ਸਿੰਘ ਮਾਨ ਦੇ ਲੋਕ ਸਭਾ ਤੋਂ ਅਸਤੀਫ਼ਾ ਦੇਣ ਕਰਕੇ ਹੋਈ ਸੀ। ਇਸ ਚੋਣ ਦੇ ਨਤੀਜੇ ਬਹੁਤ ਹੈਰਾਨੀਜਨਕ ਸਨ। ਸੰਗਰੂਰ ਲੋਕ ਸਭਾ ਦੇ ਨੌਂ ਹਲਕਿਆਂ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਮਾਰਚ 2022 ਵਿਚ ਵੱਡੇ ਫ਼ਰਕ ਨਾਲ ਜਿੱਤੇ ਸਨ, ਪਰ ਪਾਰਟੀ 2014 ਤੇ 2019 ਵਿਚ ਜਿੱਤੀ ਹੋਈ ਇਹ ਸੀਟ ਹਾਰ ਗਈ। ਇਸ ਉਪ ਚੋਣ ਵਿਚ ਲੋਕਾਂ ਦੀ ਘੱਟ ਦਿਲਚਸਪੀ ਤੇ ਘੱਟ ਹਿੱਸਾ ਲੈਣ ਦੀਆਂ ਕਈ ਕਿਆਸਅਰਾਈਆਂ ਲੱਗੀਆਂ ਹਨ, ਜਿਸ ਨੇ ਆਮ ਆਦਮੀ ਪਾਰਟੀ ਤੇ ਹੋਰ ਪਾਰਟੀਆਂ ਲਈ ਕਈ ਸਵਾਲ ਪੈਦਾ ਕੀਤੇ। ਇਸ ਲੋਕ ਸਭਾ ਹਲਕੇ ਵਿਚ ਪੰਜਾਬ ਦੇ ਹੋਰ ਲੋਕ ਸਭਾ ਹਲਕਿਆਂ ਵਾਂਗ 9 ਵਿਧਾਨ ਸਭਾ ਹਲਕੇ ਹਨ ਜਿਨ੍ਹਾਂ ਵਿਚ 4 ਰਿਜ਼ਰਵ ਹਨ। 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਨੇ 5 ਹਲਕਿਆਂ ਵਿਚ ਜਿੱਤ ਪ੍ਰਾਪਤ ਕੀਤੀ ਤੇ 4 ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਜੇਤੂ ਰਹੇ। ਇਹ ਉਹ ਵਿਧਾਨ ਸਭਾ ਹਲਕੇ ਹਨ ਜਿੱਥੇ ਕਾਂਗਰਸ ਨੇ ਆਮ ਆਦਮੀ ਪਾਰਟੀ ਨੂੰ ਫਸਵੀਂ ਟੱਕਰ ਦਿੱਤੀ। ਇਸ ਤੋਂ ਇਲਾਵਾ ਇੱਥੇ ਦਲਿਤ ਭਾਈਚਾਰੇ ਦੀ ਆਬਾਦੀ ਕੁੱਲ ਆਬਾਦੀ ਦੇ ਤੀਸਰੇ ਹਿੱਸੇ ਤੋਂ ਕਾਫ਼ੀ ਜ਼ਿਆਦਾ ਹੈ। ਇਹ ਲੋਕ ਸਭਾ ਹਲਕਾ ਦੂਸਰੇ ਲੋਕ ਸਭਾ ਹਲਕਿਆਂ ਨਾਲੋਂ ਜ਼ਿਆਦਾ ਸ਼ਹਿਰੀ ਹੈ ਤੇ ਵੋਟਰ ਜ਼ਿਆਦਾ ਰਾਜਨੀਤਕ ਤੌਰ 'ਤੇ ਚੇਤਨ ਹਨ। ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਹੁਣ ਤੱਕ 17 ਵਾਰ ਲੋਕ ਸਭਾ ਚੋਣਾਂ ਹੋਈਆਂ ਹਨ, ਜਿਨ੍ਹਾਂ ਵਿਚ ਜਲੰਧਰ ਲੋਕ ਸਭਾ ਹਲਕੇ ਵਿਚ ਕਾਂਗਰਸ ਪਾਰਟੀ ਨੇ 13 ਵਾਰ ਸਫਲਤਾ ਪ੍ਰਾਪਤ ਕੀਤੀ ਹੈ ਜਦੋਂਕਿ ਅਕਾਲੀ ਦਲ ਤੇ ਜਨਤਾ ਦਲ ਨੇ ਇਹ ਸੀਟ 2-2 ਵਾਰੀ ਜਿੱਤੀ ਹੈ। ਕਾਂਗਰਸ ਨੇ ਪੰਜਾਬ ਵਿਚ 1951-52 ਵਿਚ ਹੋਈਆਂ ਚੋਣਾਂ ਵਿਚ ਕੁੱਲ 15 ਸੀਟਾਂ ਵਿਚੋਂ 14 ਸੀਟਾਂ ਤੇ ਕੁੱਲ ਪਈਆਂ ਵੋਟਾਂ ਦਾ 55.33% ਹਾਸਿਲ ਕੀਤਾ ਅਤੇ ਇਕ ਸੀਟ (ਫਿਰੋਜ਼ਪੁਰ) ਅਕਾਲੀ ਦਲ ਦੇ ਹਿੱਸੇ ਆਈ ਸੀ। ਜਲੰਧਰ ਤੋਂ ਕਾਂਗਰਸ ਦੇ ਉਮੀਦਵਾਰ ਅਮਰ ਨਾਥ ਨੇ ਆਪਣੇ ਨੇੜਲੇ ਵਿਰੋਧੀ ਅਕਾਲੀ ਦਲ ਦੇ ਅਜੀਤ ਸਿੰਘ ਨੂੰ ਵੱਡੇ ਫ਼ਰਕ ਨਾਲ ਹਰਾਇਆ। ਇਸ ਚੋਣ ਵਿਚ ਕਾਂਗਰਸੀ ਉਮੀਦਵਾਰ ਨੂੰ 100163 ਵੋਟਾਂ ਤੋਂ ਅਕਾਲੀ ਉਮੀਦਵਾਰ ਨੂੰ 65645 ਵੋਟਾਂ ਮਿਲੀਆਂ। ਇਸ ਪਿੱਛੋਂ 1957, 1962, 1967 ਤੋਂ 1971 ਵਿਚ ਕਾਂਗਰਸ ਦੇ ਮੰਨੇ ਪ੍ਰਮੰਨੇ ਤੇ ਪੜ੍ਹੇ-ਲਿਖੇ ਸਿਆਸਤਦਾਨ ਸਵਰਨ ਸਿੰਘ ਨੇ ਇਸ ਹਲਕੇ ਦੀ ਨੁਮਾਇੰਦਗੀ ਕੀਤੀ। ਦੱਸਣਾ ਬਣਦਾ ਹੈ ਕਿ ਕਾਂਗਰਸ ਨੇ 1957 ਵਿਚ ਪੰਜਾਬ ਦੀਆਂ ਕੁੱਲ 17 ਵਿੱਚੋਂ 16 ਸੀਟਾਂ ਜਿੱਤੀਆਂ ਤੇ ਇਸਦਾ ਵੋਟ ਸ਼ੇਅਰ ਵੀ ਕਰੀਬ 54% ਰਿਹਾ। ਜਲੰਧਰ ਤੋਂ ਸਵਰਨ ਸਿੰਘ ਨੇ ਸ਼ੈਡਿਊਲਡ ਕਾਸਟ ਫੈਡਰੇਸ਼ਨ/ਰਿਪਬਲਿਕਨ ਪਾਰਟੀ ਆਫ਼ ਇੰਡੀਆ ਦੇ ਉਮੀਦਵਾਰ ਚੰਨਣ ਰਾਮ ਨੂੰ ਗੀਬ ਇਕ ਲੱਖ ਵੋਟਾਂ ਦੇ ਫ਼ਰਕ ਨਾਲ ਹਰਾਇਆ। 1962 ਵਿਚ ਕਾਂਗਰਸ ਨੂੰ ਪੰਜਾਬ ਦੀਆਂ ਕੁੱਲ 22 ਸੀਟਾਂ ਵਿਚੋਂ ਕੇਵਲ 14 'ਤੇ ਹੀ ਜਿੱਤ ਪ੍ਰਾਪਤ ਹੋਈ ਤੇ ਇਸਦਾ ਵੋਟ ਪ੍ਰਤੀਸ਼ਤ ਘਟ ਕੇ 41 ਪ੍ਰਤੀਸ਼ਤ ਰਹਿ ਗਿਆ। ਜਲੰਧਰ ਸੀਟ ਤੋਂ ਸਵਰਨ ਸਿੰਘ ਨੇ ਸਵਤੰਤਰਤਾ ਪਾਰਟੀ ਦੇ ਕਰਤਾਰ ਸਿੰਘ ਨੂੰ ਤਕਰੀਬਨ 70,000 ਵੋਟਾਂ ਦੇ ਫ਼ਰਕ ਨਾਲ ਹਰਾਇਆ। 1967 ਦੀਆਂ ਚੋਣਾਂ ਤੋਂ ਪਹਿਲਾਂ ਮੌਜੂਦਾ ਪੰਜਾਬੀ ਸੂਬਾ ਹੋਂਦ ਵਿਚ ਆਉਣ ਤੋਂ ਬਾਅਦ ਅਕਾਲੀ ਦਲ ਤੇ ਹੋਰ ਪਾਰਟੀਆਂ ਨੇ ਕਾਂਗਰਸ ਨੂੰ ਚੋਣਾਂ ਵਿਚ ਟੱਕਰ ਦੇਣੀ ਸ਼ੁਰੂ ਕਰ ਦਿੱਤੀ। 1967 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਸਭ ਤੋਂ ਵੱਡੀ ਪਾਰਟੀ ਹੋਣ ਦੇ ਬਾਵਜੂਦ ਆਪਣੀ ਸਰਕਾਰ ਨਹੀਂ ਬਣਾ ਸਕੀ ਤੇ ਪਾਰਟੀ 13 ਲੋਕ ਸਭਾ ਸੀਟਾਂ ਵਿਚੋਂ ਕੇਵਲ 9 ਹੀ ਜਿੱਤ ਸਕੀ। ਭਾਵੇਂ ਇਸ ਨਵੇਂ ਉੱਭਰੇ ਰਾਜਨੀਤਕ ਵਰਤਾਰੇ ਦਾ ਅਸਰ ਜਲੰਧਰ ਪਾਰਲੀਮੈਂਟ ਸੀਟ ਦੇ ਨਤੀਜੇ 'ਤੇ ਵੀ ਪਿਆ ਪਰ ਕਾਂਗਰਸ ਪਾਰਟੀ ਦੇ ਉਮੀਦਵਾਰ ਸਵਰਨ ਸਿੰਘ ਫਸਵੇਂ ਮੁਕਾਬਲੇ ਵਿੱਚ ਵਿਰੋਧੀ ਧਿਰ ਸਵਤੰਤਰਤਾ ਪਾਰਟੀ ਦੇ ਸਾਂਝੇ ਉਮੀਦਵਾਰ ਸੰਤ ਪ੍ਰਕਾਸ਼ ਸਿੰਘ ਤੋਂ 31,000 ਵੋਟਾਂ ਦੇ ਫ਼ਰਕ ਨਾਲ ਜਿੱਤ ਗਏ। 1971 ਦੀਆਂ ਚੋਣਾਂ ਵਿਚ ਵੀ ਕਾਂਗਰਸ ਉਮੀਦਵਾਰ ਨੇ ਵਿਰੋਧੀ ਅਕਾਲੀ ਉਮੀਦਵਾਰ ਇਕਬਾਲ ਸਿੰਘ ਢਿੱਲੋਂ ਨੂੰ 93,000 ਵੋਟਾਂ ਤੋਂ ਵੱਧ ਫ਼ਰਕ ਨਾਲ ਹਰਾਇਆ। ਇਹ ਚੋਣਾਂ ਕਾਂਗਰਸ ਨੇ ਪੰਜਾਬ ਵਿਚ ਸੀਪੀਆਈ ਨਾਲ ਗੱਠਜੋੜ ਕਰਕੇ ਲੜੀਆਂ ਸਨ। ਐਮਰਜੈਂਸੀ ਬਾਅਦ 1977 ਵਿਚ ਹੋਈਆਂ ਚੋਣਾਂ ਵਿਚ ਕਾਂਗਰਸ ਪਾਰਟੀ ਪੰਜਾਬ ਵਿਚ ਸਾਰੀਆਂ 13 ਸੀਟਾਂ ਹਾਰ ਗਈ। ਜਲੰਧਰ ਤੋਂ ਅਕਾਲੀ ਉਮੀਦਵਾਰ ਇਕਬਾਲ ਸਿੰਘ ਨੇ ਕਾਂਗਰਸ ਦੇ ਸਵਰਨ ਸਿੰਘ ਨੂੰ ਕੋਈ 1 ਲੱਖ 18 ਹਜ਼ਾਰ ਵੋਟਾਂ ਦੇ ਫ਼ਰਕ ਨਾਲ ਹਰਾਇਆ। 1978 ਵਿਚ ਕਾਂਗਰਸ ਪਾਰਟੀ ਵਿਚ ਪਾੜ ਪੈ ਗਈ ਤੇ ਇਸ ਦੇ ਇਕ ਧੜੇ ਦੇ ਮੁਖੀ ਸਵਰਨ ਸਿੰਘ ਬਣੇ। ਇਸ ਤੋਂ ਬਾਅਦ ਉਨ੍ਹਾਂ ਦਾ ਰਾਜਨੀਤੀ ਵਿਚ ਅਸਰ ਘਟਣਾ ਸ਼ੁਰੂ ਹੋ ਗਿਆ।ਇਹ ਉਪ ਚੋਣ ਹਰ ਰਾਜਨੀਤਕ ਦਲ ਤੇ ਖ਼ਾਸਕਰ ਰਾਜ ਕਰ ਰਹੀ ਧਿਰ ਲਈ ਵੱਡੀ ਚੁਣੌਤੀ ਹੈ। ਸੰਗਰੂਰ ਦੀ ਜ਼ਿਮਨੀ ਚੋਣ ਵਿਚ 'ਆਪ' ਦੀ ਹਾਰ ਹੋਈ ਸੀ। ਇਸਦੇ ਨਾਲ ਹੀ ਪਹਿਲਾਂ ਦੀਆਂ ਚੋਣਾਂ ਦੇ ਉਲਟ ਹੁਣ ਮੁਕਾਬਲਾ ਬਹੁਧਿਰੀ ਹੈ। ਇਸ ਚੋਣ ਦਾ ਨਤੀਜਾ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਲਈ ਵੀ ਇਕ ਸੁਨੇਹਾ ਦੇਵੇਗਾ। ਬੀਜੇਪੀ ਲਈ ਵੀ ਇਹ ਪਰਖ ਦੀ ਘੜੀ ਹੈ। ਉਹ ਆਪਣਾ ਸਾਰਾ ਜ਼ੋਰ ਲਾ ਕੇ ਪੰਜਾਬ ਦੀ ਸੰਭਾਵਿਤ ਰਾਜਨੀਤੀ ਦੀ ਦਿਸ਼ਾ ਬਦਲਣ ਦੀ ਕੋਸ਼ਿਸ਼ ਕਰੇਗੀ। ਅਕਾਲੀ-ਦਲ ਬਹੁਜਨ ਸਮਾਜ ਪਾਰਟੀ ਦਾ ਗੱਠਜੋੜ ਇਨ੍ਹਾਂ ਚੋਣਾਂ ਵਿਚ ਮੁੱਦਿਆਂ ਦੀ ਭਾਲ ਕਰੇਗਾ। ਰਾਜ ਕਰਦੀ ਧਿਰ ਆਪਣੀ ਪਿਛਲੇ ਇਕ ਸਾਲ ਦੀ ਕਾਰਗੁਜ਼ਾਰੀ 'ਤੇ ਜ਼ੋਰ ਦੇਵੇਗੀ ਤੇ ਵਿਰੋਧੀ ਪਾਰਟੀਆਂ ਆਪਣੇ-ਆਪਣੇ ਤਰੀਕੇ ਨਾਲ ਸਰਕਾਰ ਦੀਆਂ ਅਸਫਲਤਾਵਾਂ ਅਤੇ ਅਮਨ ਕਾਨੂੰਨ ਦੇ ਮੁੱਦੇ 'ਤੇ ਸਰਕਾਰ ਨੂੰ ਘੇਰਨ ਦੀ ਕੋਸ਼ਿਸ਼ ਕਰਨਗੀਆਂ। ਪੰਜਾਬ ਤੇ ਖ਼ਾਸ ਕਰਕੇ ਦੁਆਬੇ ਦੇ ਲੋਕ ਬਹੁਤ ਜਾਗਰੂਕ ਤੇ ਸਮਝਦਾਰ ਹਨ। ਉਨ੍ਹਾਂ ਦੁਆਰਾ ਦਿੱਤਾ ਹੋਇਆ ਫ਼ਤਵਾ ਹੀ ਸਾਨੂੰ ਪੰਜਾਬ ਦੇ ਮੁੱਦਿਆਂ 'ਤੇ ਉਨ੍ਹਾਂ ਦੀ ਰਾਏ ਜਾਨਣ ਦਾ ਮੌਕਾ ਦੇਵੇਗਾ।

Printed, Published and Owned by Ramanpreet Singh and Printed at The Caseeno Printing Press, Rampura Phul and Published from Monthly Rozana Savera, Guru Nanak Pura Mohalla, Near Vishwash Mandir, Rampua Phul, Distt Bathinda, Punjab
Editor : Ramanpreet Singh
RNI No.PunPun 04267
E-mail : rozanasavera@gmail.com
ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਰਮਨਪ੍ਰੀਤ ਸਿੰਘ ਨੇ ਦਾ ਕਸੀਨੋ ਪ੍ਰਿੰਟਿੰਗ ਪ੍ਰੈਸ, ਰਾਮਪੁਰਾ ਫੂਲ ਤੋਂ ਛਪਵਾ ਕੇ ਗੁਰੂ ਨਾਨਕ ਪੁਰਾ ਮੁਹੱਲਾ, ਨੇੜੇ ਵਿਸ਼ਵਾਸ ਮੰਦਿਰ, ਰਾਮਪੁਰਾ ਫੂਲ, ਜ਼ਿਲ੍ਹਾ ਬਠਿੰਡਾ ਤੋਂ ਪ੍ਰਕਾਸ਼ਿਤ ਕੀਤਾ।
ਸੰਪਾਦਕ : ਰਮਨਪ੍ਰੀਤ ਸਿੰਘ
ਨੋਟ : ਸੰਪਾਦਕ ਸਿਰਫ ਪੀ ਆਰ ਬੀ ਐਕਟ ਅਧੀਨ ਖਬਰਾਂ ਲਈ ਜ਼ਿੰਮੇਵਾਰ।
ਕਿਸੇ ਵੀ ਕਿਸਮ ਦੇ ਝਗੜਿਆਂ ਦਾ ਨਿਪਟਾਰਾ ਸਿਰਫ ਬਠਿੰਡਾ ਅਦਾਲਤ ਵਿੱਚ ਹੀ ਹੋਵੇਗਾ।

### ਹਰਿਆਣਾ ਵਿਚ ਕੋਵਿਡ ਸੰਕ੍ਰਮਣ ਨਾਲ ਨਜਿਠਣ ਲਈ ਤਿਆਰੀਆਂ ਦੇ ਸਬੰਧ ਵਿਚ ਸੂਬੇ ਦੇ ਵੱਖ-ਵੱਖ ਸਥਾਨਾਂ 'ਤੇ ਮੋਕ ਡ੍ਰਿਲ

# ਕੋਵਿਡ ਦੇ ਮੱਦੇਨਜਰ ਆਈਸੋਲੇਟੇਡ ਕਮਰੇ, ਆਕਸੀਜਨ ਦੀ ਤਿਆਰੀ, ਦਵਾਈਆਂ ਆਦਿ ਦੀ ਤਿਆਰੀ ਰੱਖਣ ਦੇ ਨਿਰਦੇਸ਼ : ਅਨਿਲ ਵਿਜ

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਹਰਿਆਣਾ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਸ੍ਰੀ ਅਨਿਲ ਵਿਜ ਨੇ ਕਿਹਾ ਕਿ ਰਾਜ ਵਿਚ ਕੋਵਿਡ ਸੰਕ੍ਰਮਣ ਨਾਲ ਨਜਿਠਣ ਲਈ ਤਿਆਰੀਆਂ ਦੇ ਸਬੰਧ ਵਿਚ ਅੱਜ ਵੱਖ-ਵੱਖ ਸਥਾਨਾਂ 'ਤੇ ਮੋਕ ਡ੍ਰਿਲ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਕੋਵਿਡ ਦੇ ਮੱਦੇਨਜਰ ਅਸੀਂ ਬਕਾਇਦਾ ਆਈਸੋਲੇਟ ਕਮਰੇ ਤਿਆਰ ਰੱਖਦੇ ਹਨ, ਆਕਸੀਜਨ ਤਿਆਰ ਰੱਖਦੀ ਹੈ, ਦਵਾਈਆਂ ਆਦਿ ਦੀ ਤਿਆਰੀ ਪੂਰੀ ਰੱਖਨੀ ਹੈ, ਜਦੋਂ ਕਿ ਅਜਿਹੇ ਮਰੀਜਾਂ ਦਾ ਇਲਾਜ ਸਿਸਟੋਮੈਟਿਕ ਹੁੰਦਾ ਹੈ ਕਿਉਕਿ ਜਿਲ੍ਹਾਂ ਮਰੀਜਾਂ ਨੂੰ ਕੋਵਿਡ ਦੇ ਲੱਛਣ ਹੈ ਉਨ੍ਹਾਂ ਨੂੰ ਉਹ ਸਬੰਧਿਤ ਦਵਾਈਆਂ ਦਿੱਤੀ ਜਾਵੇਗੀ। ਇਸੀ ਲੜੀ ਵਿਚ ਉਨ੍ਹਾਂ ਦੇ ਵੱਲੋਂ ਅੱਜ ਅੰਬਾਲਾ ਵਿਚ ਕੋਵਿਡ ਸੰਕ੍ਰਮਣ ਨਾਲ ਨਜਿਠਣ ਲਈ ਕੀਤੀ ਜਾ ਰਹੀ ਮਾਡ ਡ੍ਰਿਲ ਤਹਿਤ ਤਿਆਰੀਆਂ ਦਾ ਜਾਇਜਾ ਵੀ ਲਿਆ ਗਿਆ। ਸ੍ਰੀ ਵਿਜ ਅੰਬਾਲਾ ਵਿਚ ਕੋਵਿਡ ਸੰਕ੍ਰਮਣ ਨਾਲ ਨਜਿਠਣ ਲਈ ਕੀਤੀ ਗਈ ਤਿਆਰੀਆਂ ਤਹਿਤ ਪ੍ਰਬੰਧਿਤ ਕੀਤੀ ਜਾ ਰਹੀ ਮਾਕਡ੍ਰਿਲ ਦਾ ਜਾਇਜਾ ਲੈਣ ਬਾਅਦ ਪੱਤਰਕਾਰਾਂ ਨਾਂਲ ਗਲਬਾਤ ਕਰ ਰਹੇ ਸਨ। ਤਿਆਰੀਆਂ ਨੂੰ ਲੈ ਕੇ ਪੁੱਛੇ ਗਏ ਸੁਆਲ ਦੇ ਜਵਾਬ ਵਿਚ ਉਨ੍ਹਾਂ ਨੇ ਕਿਹਾ ਕਿ ਅੱਜ ਕੋਰੋਨਾ ਨੂੰ ਲੈ ਕੇ ਅੰਬਾਲਾ ਵਿਚ ਪੂਰੀ ਤਿਆਰੀਆਂ ਕੀਤੀ ਗਈ ਹੈ ਅਤੇ ਬਾਜ ਦੇ ਵੱਖ-ਵੱਖ ਸਥਾਨਾਂ 'ਤੇ ਚੈਕਿੰਗ ਕੀਤੀ ਜਾ ਰਹੀ ਹੈ ਕਿਕੋਵਿਡ ਜੇਕਰ ਪੂਰੀ ਤਾਕਤ ਨਾਲ ਆਵੇ ਤਾਂ ਉਸ ਦੇ ਲਈ ਅਸੀਂ ਕਿੰਨੇ ਤਿਆਰ ਹਨ। ਉਨ੍ਹਾਂ ਨੇ ਕਿਹਾ ਕਿ ਅੱਜ ਇੱਥੇ ਮੈਂ ਆਕਸੀਜਨ ਦੇ ਬਾਰੇ ਵਿਚ ਚੈਕਿੰਗ ਕੀਤੀ ਹੈ, ਆਈਸੋਲੇਸ਼ਨ ਬੈਡ ਚੈਕ ਕੀਤੇ ਹਨ, ਆਕਸੀਜਨ ਦਾ ਫਲੋ ਚੈਕ ਕੀਤਾ ਹੈ, ਆਕਸੀਜਨ ਦੇ ਪਲਾਂਟ ਨੂੰ ਚਲਾ ਕੇ ਦੇਖਿਆ ਹੈ ਕੀ ਆਕਸੀਜਨ ਹੈ ਜਾਂ



ਨਈਂ ਹੈ। ਇਸ ਤੋਂ ਇਲਾਵਾ, ਡਾਇਲ 108 ਤੋਂ ਏਂਬੂਲੇਂਸ ਬੁਲਾ ਵੀ ਚੈਕ ਕੀਤਾ ਜਾ ਰਿਹਾ ਹੈ, ਕਿ ਏਂਬੂਲੇਂਸ ਕਿੰਨੇ ਮਿੰਟ ਵਿਚ ਪਹੁੰਚ ਰਹੀ ਹੈ। ਇਸੀ ਤਰ੍ਹਾ ਡਾਇਲ 112 ਤੋਂ ਪੁਲਿਸ ਦੀ ਗੱਡੀ ਵੀ ਬੁਲਾਈ ਗਈ ਹੈ, ਕਿਉਂਕਿ ਕਈ ਵਾਰ ਉਹ ਗੱਡੀ ਵੀ ਅਪੇਕਸ਼ਿਤ ਹੁੰਦੀ ਹੈ। ਉਨ੍ਹਾਂ ਨੇ ਦਸਿਆ ਕਿ ਕੁੱਲ ਮਿਲਾ ਕੇ ਇੱਥੇ ਦਵਾਈਆਂ ਵੀ ਉਪਲਬਧ ਹਨ ਮਤਲਬ ਇੰਨ੍ਹਾਂ ਦੀ ਪੂਰੀ ਤਿਆਰੀ ਹੈ। ਦੇਸ਼ ਦੇ ਕੁੱਝ ਸੂਬਿਆਂ ਵਿਚ 24 ਘੰਟੇ ਮਾਸਕ ਪਹਿਨਣ ਦੇ ਏਲਾਨ ਦੇ ਸਬੰਧ ਵਿਚ ਪੁੱਛੇ ਗਏ ਸੁਆਲ ਦੇ ਜਵਾਬ ਵਿਚ ਉਨ੍ਹਾਂ ਨੇ ਕਿਹਾ ਕਿ ਅਸੀਂ ਆਪਣੇ ਹਲਕੇ ਦੀ ਸਥਿਤੀ ਦੇਖਣੀ ਹੁੰਦੀ ਹੈ। ਉਨ੍ਹਾਂ ਨੇ ਕਿਹਾ ਕਿ ਹੁਣ ਅਸੀਂ ਸਿਹਤ ਸੇਵਾਵਾਂ ਵਿਚ ਮਾਸਕ ਨੂੰ ਜਰੂਰੀ ਕਰ ਦਿੱਤਾ ਹੈ ਅਤੇ 100 ਤੋਂ ਵੱਧ ਸਭਾ/ਭੀੜਭਾੜ ਵਾਲੇ ਖੇਤਰਾਂ ਵਿਚ ਮਾਸਕ ਨੂੰ ਜਰੂਰੀ ਕੀਤਾ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਅਸੀਂ ਸਭਾਵਾਂ ਨੂੰ ਬੰਦ ਕਰ ਕੇ ਅਫਰਾ-ਤਫਰੀ ਨਹੀਂ ਮਚਾਉਣਾ ਚਾਹੁੰਦੇ, ਜੇਕਰ ਕਿਸੀ ਨੇ ਸਭਾ ਕਰਨੀ ਹੈ ਤਾ ਉਹ ਕਰਨ ਪਰ 100 ਤੋਂ ਵੱਧ ਸਭਾਵਾਂ ਵਿਚ ਸਾਰਿਆਂ ਨੂੰ ਮਾਸਕ ਪਹਿਨਣਾ ਹੋਵੇਗਾ। ਦੂਜੇ ਸੂਬਿਆਂ ਤੋਂ ਹਰਿਆਣਾ ਵਿਚ ਆਉਣ ਵਾਲੇ ਮਰੀਜਾਂ ਦੇ ਸਬੰਧ ਵਿਚ ਪੁੱਛੇ ਗਏ ਸੁਆਲ ਦੇ ਜਵਾਬ ਵਿਚ ਉਨ੍ਹਾਂ ਨੇ ਕਿਹਾ ਕਿ ਜੇਕਰ ਕੋਈ ਮਰੀਜ ਹਰਿਆਣਾ ਵਿਚ ਆ ਗਿਆ ਤਾਂ ਆ ਗਿਆ ਪਿਛਲੀ ਵਾਰ ਵੀ ਬਾਹਰ ਤੋਂ ਮਰੀਜ ਹਰਿਆਣਾ ਵਿਚ ਬਹੁਤ ਆਏ ਸਨ, ਉਨ੍ਹਾਂ ਨੇ ਕਿਹਾ ਕਿ ਅੱਜ ਦੀ ਮਿੱਤੀ ਵਿਚ ਦੇਖਣ ਵਿਚ ਸੂਬੇ ਦੇ ਗੁਰੂਗ੍ਰਾਮ ਤੇ ਫਰੀਦਾਬਾਦ ਵਿਚ 69 ਫੀਸਦੀ ਮਰੀਜ ਆ ਰਹੇ ਹਨ ਅਤੇ ਫਰੀਦਾਬਾਦ ਤੇ ਗੁਰੂਗ੍ਰਾਮ ਵਿਚ ਦਿੱਲੀ ਦਾ ਵੀ ਮਰੀਜ ਆ ਰਿਹਾ ਹੈ। ਗ੍ਰਹਿ ਅਤੇ ਸਿਹਤ ਮੰਤਰੀ ਅਨਿਲ ਵਿਜ ਨੇ ਕੋਰੋਨਾ ਸੰਕ੍ਰਮਣ ਦੇ ਮੱਦੇਨਜਰ ਨਾਗਰਿਕ ਹਸਪਤਾਲ,ਅੰਬਾਲਾ ਕੈਂਟ ਦਾ ਦੌਰਾ ਕਰਦੇ ਹੋਏ ਮਾਕਡ੍ਰਿਲ ਦੇ ਤਹਿਤ ਜੋ ਤਿਆਰੀਆਂ ਕੀਤੀਆਂ ਗਈਆਂ ਹਨ ਉਨ੍ਹਾਂ ਵਿਵਸਥਾਵਾਂ ਦਾ ਜਾਇਜਾ ਲਿਆ। ਇਸ ਮੌਕੇ 'ਤੇ ਉਨ੍ਹਾਂ ਨੇ ਵਿਸਤਾਰ ਨਾਲ ਡਾਕਟਰਾਂ ਤੋਂ ਕੋਰੋਨਾ ਤੋਂ ਬਚਾਅ ਬਾਰੇ ਜੋ ਕਾਰਜ ਕੀਤੇ ਜਾ ਰਹੇ ਹਨ ਉਸ ਦੀ ਵੀ ਸਮੀਖਿਆ ਕਰਦੇ ਹੋਏ ਜਰੂਰੀ ਦਿਸ਼ਾ-ਨਿਰਦੇਸ਼ ਦਿੱਤੇ। ਉਨ੍ਹਾਂ ਨੇ ਮਾਕਡ੍ਰਿਲ ਤਹਿਤ ਸੱਭ ਤੋਂ ਪਹਿਲਾਂ ਨਾਗਰਿਕ ਹਸਪਤਾਲ ਦੇ ਐਮਰਜੈਂਸੀ ਰੂਮ ਦਾ ਜਾਇਜਾ ਲਿਆ। ਉਨ੍ਹਾਂ ਨੇ ਕਿਹਾ ਕਿ ਇਲਾਜ ਕਰਵਾਉਣ ਆਏ ਮਰੀਜਾਂ ਨਾਲ ਵੀ ਗਲਬਾਤ ਕਰਦੇ ਹੋਏ ਜੋ ਮੈਡੀਕਲ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਉਸ ਦੀ ਜਾਣਕਾਰੀ ਹਾਸਲ ਕੀਤੀ। ਸ੍ਰੀ ਵਿਜ ਨੇ ਨਿਰੀਖਣ ਦੇ ਕ੍ਰਮ ਵਿਚ ਆਈਸੋਲੇਸ਼ਨ ਵਾਰਡ ਵਿਚ ਜਾ ਕੇ ਜੋ ਤਿਆਰੀਆਂ ਕੀਤੀਆਂ ਗਈਆਂ ਹਨ ਉਸ ਦੀ ਸਮੀਖਿਆ ਕਰਦੇ ਹੋਏ ਕਿੰਨ੍ਹੇ ਆਕਸੀਜਨ ਬੈਡ ਅਤੇ ਕਿੰਨੇ ਨਾਨ ਆਕਸੀਜਨ ਅਤੇ ਬੈਡਾਂ 'ਤੇ ਆਕਸੀਜਨ ਕਿਵੇਂ ਹਪੁੰਚ ਰਹੀ ਹੈ ਉਸ ਦੀ ਵੀ ਜਾਣਕਾਰੀ ਹਾਸਲ ਕੀਤੀ।

ਸਿਹਤ ਮੰਤਰੀ ਅਨਿਲ ਵਿਜ ਨੈ ਨਿਰੀਖਣ ਦੌਰਾਨ ਪੀਐਮਓ ਨੂੰ ਨਿਰਦੇਸ਼ ਦਿੱਤੇ ਕਿ ਨਾਗਰਿਕ ਹਸਪਤਾਲਾਂ ਅਬੰਾਲਾ ਕੈਂਟ ਵਿਚ ਸਪ੍ਰੇ ਕਰਵਾਉਣਾ ਸਕੀਨੀ ਕਰਵਾਉਣ ਅਤੇ ਸਾਰੀ ਥਾਵਾਂ ਤੇ ਦਰਵਾਜਿਆਂ 'ਤੇ ਏਅਰ ਕਰਟਨ ਲਗਵਾਉਣ, ਕੋਈ ਵੀ ਦਰਵਾਜਾ ਖੁਲਿਆ ਨਹੀਂ ਹੋਣਾ ਚਾਹੀਦਾ ਹੈ।

# ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਵੱਲੋਂ ਨਵਾਂਸ਼ਹਿਰ ਖੰਡ ਮਿੱਲ ਦੇ ਮ੍ਰਿਤਕ ਕਰਮਚਾਰੀਆਂ ਦੇ 19 ਵਾਰਸਾਂ ਨੂੰ ਨਿਯੁਕਤੀ ਪੱਤਰ ਸੌਂਪੇ ਗਏ

### ਪੰਜਾਬ ਸਰਕਾਰ ਵੱਲੋਂ ਕਰਮਚਾਰੀਆਂ ਨੂੰ ਪੱਕੇ ਕਰਨ ਤੇ ਨਵੀਂਆਂ ਨੌਕਰੀਆਂ ਦੇਣ ਦੇ ਸੰਜੀਦਾ ਉਪਰਾਲਿਆਂ ਦੀ

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਵੱਲੋਂ ਅੱਜ ਸਹਿਕਾਰੀ ਖੰਡ ਮਿੱਲ, ਨਵਾਂਸ਼ਹਿਰ ਵਿਖੇ ਮ੍ਰਿਤਕ ਕਰਮਚਾਰੀਆਂ ਦੇ 19 ਆਸ਼ਰਿਤਾਂ ਨੂੰ ਨਿਯੁੱਕਤੀ ਪੱਤਰ ਸੌਂਪੇ। ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਬਲਾਚੌਰ ਸ਼੍ਰੀਮਤੀ ਸੰਤੋਸ਼ ਕਟਾਰੀਆ ਵੀ ਮੌਜੂਦ ਸਨ।



ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ, ਐਮ ਐਲ ਏ ਸੰਤੋਸ਼ ਕਟਾਰੀਆ, ਸੀਨੀਅਰ ਆਪ ਆਗੂਆਂ ਲਲਿਤ ਮੋਹਨ ਪਾਠਕ, ਕੁਲਜੀਤ ਸਿੰਘ ਸਰਹਾਲ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸਤਨਾਮ ਜਲਾਲਪੁਰ ਦੀ ਹਾਜ਼ਰੀ 'ਚ ਸਹਿਕਾਰੀ ਖੰਡ ਮਿੱਲ ਨਵਾਂਸ਼ਹਿਰ ਦੇ ਮ੍ਰਿਤਕ ਕਰਮਚਾਰੀਆਂ ਦੇ ਆਸ਼ਰਿਤਾਂ ਨੂੰ ਨਿੱਯੁਕਤੀ ਪੱਤਰ ਸੌਂਪਦੇ ਹੋਏ।

ਉਨ੍ਹਾਂ ਆਪਣੇ ਸੰਬੋਧਨ ਵਿੱਚ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਰਾਜ ਵਿੱਚ ਸਰਕਾਰ ਬਣਨ ਦੇ ਇੱਕ ਸਾਲ ਦੇ ਅੰਦਰ ਹੀ 26 ਹਜ਼ਾਰ ਤੋਂ ਵਧੇਰੇ ਸਰਕਾਰੀ ਨੌਕਰੀਆਂ ਦੇਣ, ਘਰੇਲੂ ਵਰਤੋਂ ਦੇ 600 ਯੂਨਿਟ ਪ੍ਰਤੀ ਬਿੱਲ ਤੱਕ ਦੇ ਖ਼ਪਤਕਾਰਾਂ ਨੂੰ ਜ਼ੀਰੋ ਬਿੱਲ ਦੀ ਰਿਆਇਤ ਅਤੇ ਉਸ ਤੋਂ ਵੀ ਅੱਗੇ ਪੰਜਾਬ ਪ੍ਰਤੀ ਇਮਾਨਦਾਰਾਨਾ ਪਹੁੰਚ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਜਦੋਂ ਸਰਕਾਰ ਦਾ ਮੁਖੀ ਇਮਾਨਦਾਰ ਤੇ ਨੇਕ ਨੀਅਤ ਵਾਲਾ ਹੋਵੇਗਾ ਤਾਂ ਸਮੁੱਚੀ ਮਸ਼ੀਨਰੀ 'ਚ ਇਮਾਨਦਾਰੀ ਆਉਣੀ ਸੁਭਾਵਿਕ ਹੈ।

ਡਿਪਟੀ ਸਪੀਕਰ ਨੇ ਕਿਹਾ ਕਿ ਸਾਲ 2022 ਤੋਂ ਬਾਅਦ ਜਿਸ ਆਸ ਤੇ ਉਮੀਦ ਨਾਲ ਲੋਕਾਂ ਨੂੰ ਬਦਲਾਅ ਦੀ ਹਵਾ ਸੋਚੀ ਸੀ, ਪੰਜਾਬ ਸਰਕਾਰ ਉਸ 'ਤੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਤੇ ਡਾ. ਬੀ ਆਰ ਅੰਬੇਦਕਰ ਜੀ ਦੇ ਪਦ ਚਿੰਨ੍ਹਾਂ 'ਤੇ ਚਲਦੀ ਹੋਈ ਡੱਟ ਕੇ ਪਹਿਰਾ ਦੇ ਰਹੀ ਹੈ।

ਉਨ੍ਹਾਂ ਅੱਜ ਦਿੱਤੇ ਨਿਯੁੱਕਤੀ ਪੱਤਰਾਂ ਬਾਰੇ ਬੋਲਦਿਆਂ ਕਿਹਾ ਕਿ 25 ਸਾਲਾਂ ਤੋਂ ਪੱਕੇ ਹੋਣ ਦੀ ਉਡੀਕ ਕਰ ਰਹੇ ਮ੍ਰਿਤਕ ਕਰਮਚਾਰੀਆਂ ਨੂੰ ਪੰਜਾਬ ਸਰਕਾਰ ਨੇ ਪਹਿਲੇ ਸਾਲ 'ਚ ਹੀ ਪੱਕੇ ਹੋਣ ਦਾ ਪੱਤਰ ਜਾਰੀ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਦੋਂ ਨੀਅਤ ਸਾਫ਼ ਹੋਵੇਗੀ ਤਾਂ ਲੋਕਾਂ ਦੀਆਂ ਆਸਾਂ ਵੀ ਪੂਰੀਆਂ ਹੋਣਗੀਆਂ।

ਸਹਿਕਾਰੀ ਖੰਡ ਮਿੱਲ ਦੇ ਮੌਜੂਦਾ ਸਰਕਾਰ ਬਣਨ ਬਾਅਦ ਇੱਕ ਕਰੋੜ ਰੁਪਏ ਦੇ ਮੁਨਾਫ਼ੇ 'ਚ ਆਉਣ ਬਾਰੇ ਦੱਸਦਿਆਂ ਉਨ੍ਹਾਂ ਕਿਹਾ ਕਿ ਮਿੱਲ ਵੱਲੋਂ ਗੰਨੇ ਦੀ ਮੈਲ 1.70 ਲੱਖ ਪ੍ਰਤੀ ਕੁਇੰਟਲ, ਸ਼ੀਰਾ 940 ਰੁਪਏ, ਆਗ 70 ਦੀ ਥਾਂ 170 ਰੁਪਏ ਪ੍ਰਤੀ ਕੁਇੰਟਲ ਨੂੰ ਵੇਚ ਕੇ ਆਪਣੀ ਵਿੱਤੀ ਸਥਿਤੀ ਨੂੰ ਸੁਧਾਰਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਮਿੱਲ ਵੱਲੋਂ ਆਪਣੀ ਇਮਾਰਤ 'ਚ ਸਥਿਤ ਸਹਿਕਾਰੀ ਬੈਂਕ ਪਾਸੋਂ ਵੀ ਮਾਸਿਕ ਆਮਦਨੀ ਦਾ ਸ੍ਰੋਤ ਬਣਾਇਆ ਗਿਆ ਹੈ ਜੋ ਕਿ ਪਹਿਲਾਂ ਨਹੀਂ ਸੀ। ਉਨ੍ਹਾਂ ਨੇ ਮਿੱਲ ਦੇ ਬੋਰਡ ਆਫ਼ ਡਾਇਰੈਕਟਰਜ਼ ਅਤੇ ਮੈਨੇਜਮੈਂਟ ਨੂੰ ਮਿੱਲ ਨੂੰ ਸ਼ਹਿਰ ਤੋਂ ਬਾਹਰ ਲਿਜਾਣ ਲਈ ਢੁਕਵੀਂ ਜ਼ਮੀਨ ਲੱਭਣ ਲਈ ਆਖਿਆ ਤਾਂ ਜੋ ਸਰਕਾਰ ਪੱਧਰ 'ਤੇ ਇਸ ਨੂੰ ਮਨਜ਼ੂਰੀ ਦਿਵਾਈ ਜਾ ਸਕੇ।

ਸੀਨੀਅਰ ਆਪ ਆਗੂ ਲਲਿਤ ਮੋਹਨ ਪਾਠਕ ਨੇ ਪੰਜਾਬ ਸਰਕਾਰ ਅਤੇਮਿੱਲ ਦੇ ਬੋਰਡ ਆਫ਼ ਡਾਇਰੈਕਟਰਜ਼ ਵੱਲੋਂ ਇਨ੍ਹਾਂ ਮ੍ਰਿਤਕ ਕਰਮਚਾਰੀਆਂ ਦੇ ਆਸ਼ਰਿਤਾਂ ਨੂੰ 25 ਸਾਲ ਬਾਅਦ ਨਿਯੁੱਕਤੀ ਪੱਤਰ ਦੇਣ ਵਿੱਚ ਨਿਭਾਈ ਭੂਮਿਕਾ ਲਈ ਧੰਨਵਾਦ ਪ੍ਰਗਟਾਇਆ। ਉਨ੍ਹਾਂ ਮਿੱਲ ਪ੍ਰਬੰਧਕਾਂ ਨੂੰ ਸੀਜ਼ਨ ਦੀ ਸਮਾਪਤੀ ਬਾਅਦ ਮਿੱਲ ਦੇ ਪਾਵਰ ਪਲਾਂਟ ਨਾਲ ਸਬੰਧਤ ਸੁਆਹ ਦੀ ਸਮੱਸਿਆ ਨੂੰ ਪਹਿਲ ਦੇ ਆਧਾਰ 'ਤੇ ਦੂਰ ਕਰਕੇ ਸ਼ਹਿਰ ਦੇ ਲੋਕਾਂ ਨੂੰ ਦਰਪੇਸ਼ ਸਮੱਸਿਆ ਤੋਂ ਨਿਜਾਤ ਦਿਵਾਉਣ ਲਈ ਕਿਹਾ।

ਬੰਗਾ ਤੋਂ ਆਪ ਦੇ ਸੀਨੀਅਰ ਆਗੂ ਕੁਲਜੀਤ ਸਿੰਘ ਸਰਹਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਰਾਜ ਦੇ ਲੋਕਾਂ ਨਾਲ ਕੀਤੇ ਬਹੁਤੇ ਵਾਅਦਿਆਂ/ਗਾਰੰਟੀਆਂ ਨੂੰ ਪਹਿਲੇ ਸਾਲ 'ਚ ਹੀ ਪੂਰਾ ਕਰਕੇ ਸਰਕਾਰ ਦੇ ਅਸਲ ਮਾਅਨਿਆਂ 'ਚ ਲੋਕਾਂ ਦੀ ਸਰਕਾਰ ਹੋਣ ਦਾ ਪ੍ਰਮਾਣ ਦਿੱਤਾ ਗਿਆ ਹੈ।

ਮਿੱਲ ਦੇ ਜਨਰਲ ਮੈਨੇਜਰ ਸੁਰਿੰਦਰ ਪਾਲ ਨੇ ਦੱਸਿਆ ਕਿ ਬਹੁਤ ਸਾਲਾਂ ਬਾਅਦ ਮਿੱਲ ਪਹਿਲੀ ਵਾਰ ਆਪਣਾ ਪਿੜਾਈ ਦਾ ਟੀਚਾ ਪੂਰਾ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ 32 ਲੱਖ ਕੁਇੰਟਲ 'ਚੋਂ 31.50 ਲੱਖ ਕੁਇੰਟਲ ਪੂਰਾ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਮਿੱਲ ਦਾ ਸੀਜ਼ਨ ਮੁਕੰਮਲ ਹੋਣ ਨੇੜੇ ਹੈ, ਜਿਸ ਤੋਂ ਤੁਰੰਤ ਬਾਅਦ ਪਾਵਰ ਪਲਾਂਟ ਦੇ ਨਵੇਂ ਵੈਟ ਸਕ੍ਰਬਰ ਦੀ ਫਿਟਿੰਗ ਮੁਕੰਮਲ ਕਰਕੇ ਸੁਆਹ ਦੀ ਸਮੱਸਿਆ ਨੂੰ ਜੜ੍ਹ ਤੋਂ ਖਤਮ ਕਰ ਦਿੱਤਾ ਜਾਵੇਗਾ।

ਦੋਆਬਾ ਕਿਸਾਨ ਯੂਨੀਅਨ ਦੇ ਪ੍ਰਧਾਨ ਕੁਲਦੀਪ ਸਿੰਘ ਵਜੀਦਪੁਰ ਨੇ ਗੰਨੇ ਦੀ ਅਦਾਇਗੀ ਅਤੇ ਮਿੱਲ ਦੇ ਮ੍ਰਿਤਕ ਕਰਮਚਾਰੀਆਂ ਦੇ ਆਸ਼ਰਿਤਾਂ ਨੂੰ ਪੱਕੇ ਕਰਨ ਲਈ ਸਰਕਾਰ ਦਾ ਅਤੇ ਮਿੱਲ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਮਿੱਲ ਦੇ ਡਾਇਰੈਕਟਰ ਚਰਨਜੀਤ ਸਿੰਘ ਨੇ ਸਰਕਾਰ ਦਾ ਧੰਨਵਾਦ ਪ੍ਰਗਟਾਇਆ ਕਿ ਗੰਨੇ ਦੀ ਹੁਣ ਤੱਕ ਕੀਤੀ ਗਈ 92 ਕਰੋੜ ਦੀ ਅਦਾਇਗੀ 'ਚ ਮਿੱਲ ਦੇ 77 ਕਰੋੜ ਦੇ ਨਾਲ ਸਰਕਾਰ ਨੇ 14 ਕਰੋੜ ਦਾ ਯੋਗਦਾਨ ਪਾਇਆ ਹੈ।

ਸਮਾਗਮ ਦੌਰਾਨ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸਤਨਾਮ ਜਲਾਲਪੁਰ, ਆਪ ਦੇ ਸੀਨੀਅਰ ਆਗੂ ਲਲਿਤ ਮੋਹਨ ਪਾਠਕ ਤੇ ਕੁਲਜੀਤ ਸਿੰਘ ਸਰਹਾਲ, ਅਸ਼ੋਕ ਕਟਾਰੀਆ, ਜ਼ਿਲ੍ਹਾ ਪ੍ਰਧਾਨ ਐਸ ਸੀ ਵਿੰਗ ਬਲਵੀਰ ਕਰਨਾਣਾ, ਸਾਬਕਾ ਚੇਅਰਮੈਨ ਖੰਡ ਮਿੱਲ ਚੌ. ਹਰਬੰਸ ਲਾਲ, ਆਪ ਦੇ ਯੂਥ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਵਿਨੀਤ ਰਾਣਾ, ਆਪ ਦੇ ਜ਼ਿਲ੍ਹਾ ਸਕੱਤਰ ਗਗਨ ਅਗਨੀਹੋਤਰੀ, ਮਿੱਲ ਦੇ ਡਾਇਰੈਕਟਰਜ਼ ਵਿੱਚ ਚਰਨਜੀਤ ਸਿੰਘ, ਹਰੀਪਾਲ ਸਿੰਘ ਜਾਡਲੀ, ਸਰਤਾਜ ਸਿੰਘ, ਸੋਹਣ ਸਿੰਘ ਉੱਪਲ, ਮੋਹਿੰਦਰ ਸਿੰਘ ਲੰਗੜੋਆ, ਗੁਰਸੇਵਕ ਸਿੰਘ, ਕਸ਼ਮੀਰ ਸਿੰਘ, ਜਗਤਾਰ ਸਿੰਘ, ਸ਼੍ਰੀਮਤੀ ਹਰਿੰਦਰ ਕੌਰ, ਬੀਬੀ ਸੁਰਿੰਦਰ ਕੌਰ ਅਤੇ ਦੋਆਬਾ ਕਿਸਾਨ ਯੂਨੀਅਨ ਦੇ ਜਨਰਲ ਸਕੱਤਰ ਅਮਰਜੀਤ ਸਿੰਘ ਬੁਰਜ, ਹਰਦੀਪ ਸਿੰਘ (ਪ੍ਰਧਾਨ ਮਿੱਲ ਵਰਕਰ ਯੂਨੀਅਨ), ਬਹਾਦਰ ਸਿੰਘ ਕੌਲਗੜ੍ਹ ਮੌਜੂਦ ਸਨ।

# ਪੰਜਾਬ ਨੂੰ ਫਿਰ ਤੋਂ ਰੰਗਲਾ ਪੰਜਾਬ ਬਣਾਉਣ ਲਈ ਕੰਮ ਕਰ ਰਹੀ ਹੈ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ : ਡਾ. ਬਲਬੀਰ ਸਿੰਘ

### ਪੰਜਾਬ ਰਾਈਟਰਜ਼ ਐਂਡ ਕਲਚਰਲ ਫੋਰਮ ਦੇ ਕਵੀ ਸੰਮੇਲਨ 'ਚ ਪੰਜਾਬ ਦੇ ਸਿਹਤ ਮੰਤਰੀ ਅਤੇ ਮੁੱਖ ਮੰਤਰੀ ਦੇ ਡਾਇਰੈਕਟਰ ਮੀਡੀਆ ਰਿਲੇਸ਼ਨਜ਼ ਬਲਤੇਜ ਸਿੰਘ ਪੰਨੂ ਨੇ ਕੀਤੀ ਸ਼ਿਰਕਤ

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ, ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਲੇਖਕ ਅਤੇ ਕਵੀ ਸਮਾਜ ਦੀ ਰੂਹ ਹੁੰਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ 2022 ਵਿਚ ਲੇਖਕਾਂ, ਚਿੰਤਕਾਂ, ਕਵੀਆਂ, ਕਲਾਕਾਰਾਂ, ਪੱਤਰਕਾਰਾਂ, ਹੋਰ ਪ੍ਰੋਫੈਸ਼ਨਲਾਂ ਵਿਚ ਬਹੁਤ ਵੱਡਾ ਵਿਸ਼ਵਾਸ਼ ਜਤਾਇਆ ਹੈ। ਆਮ ਆਦਮੀ ਪਾਰਟੀ ਦੇ 92 ਵਿਧਾਇਕਾਂ ਵਿਚੋਂ ਵੱਡੀ ਗਿਣਤੀ ਵਿਚ ਵਿਧਾਇਕ ਇਸੇ ਤਰ੍ਹਾਂ ਦੇ ਹਨ। ਲੇਖਕਾਂ ਅਤੇ ਕਵੀਆਂ ਨੂੰ ਮਾਣ ਹੋਣਾ ਚਾਹੀਦਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਖ਼ੁਦ ਲੇਖਕ ਅਤੇ ਕਲਾਕਾਰ ਹਨ। ਇਹੀ ਕਾਰਨ ਹੈ ਕਿ ਇਹ ਸਰਕਾਰ ਲੋਕਾਂ ਲਈ ਕੰਮ ਕਰ ਰਹੀ ਹੈ। ਲੋਕਾਂ ਨਾਲ ਜੋ ਵਾਅਦੇ ਕੀਤੇ ਸਨ, ਉਨ੍ਹਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ। ਡਾ. ਬਲਬੀਰ ਸਿੰਘ ਇਥੇ ਉਤਰੀ ਖੇਤਰ ਸੱਭਿਆਚਾਰਕ ਕੇਂਦਰ (ਐਨ. ਜੈਡ. ਸੀ. ਸੀ.) ਦੇ ਕਾਲੀਦਾਸ ਆਡੀਟੋਰੀਅਮ ਵਿਖੇ ਪੰਜਾਬ ਰਾਈਟਰਜ਼ ਐਂਡ ਕਲਚਰਲ ਫੋਰਮ ਅਤੇ ਐਨ. ਜੈਡ. ਸੀ. ਸੀ. ਵਲੋਂ ਆਯੋਜਿਤ ਕਵੀ ਸੰਮੇਲਨ ਨੂੰ ਸੰਬੋਧਨ ਕਰ ਰਹੇ ਸਨ। ਆਪਣੇ ਸੰਬੋਧਨ ਵਿਚ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਨੂੰ ਕੁਆਲਟੀ ਵਾਲੀ ਅਤੇ ਸਸਤੀ ਸਿੱਖਿਆ, ਵਧੀਆ ਅਤੇ ਸਸਤਾ ਇਲਾਜ ਅਤੇ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸ਼ਨ ਮਿਲੇ, ਇਸ ਦਿਸ਼ਾ ਵਿਚ ਸਰਕਾਰ ਕੰਮ ਕਰ ਰਹੀ ਹੈ।



ਕਵੀ ਸੰਮੇਲਨ ਵਿਚ ਪਹੁੰਚੇ ਸ਼੍ਰੋਮਣੀ ਪੰਜਾਬੀ ਕਵੀ ਗੁਰਭਜਨ ਸਿੰਘ ਗਿੱਲ ਅਤੇ ਪੰਜਾਬ ਦੇ ਹੋਰ ਨਵੇਂ ਕਵੀਆਂ ਦਾ ਸਨਮਾਨ ਕਰਦੇ ਹੋਏ ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ, ਮੁੱਖ ਮੰਤਰੀ ਦੇ ਡਾਇਰੈਕਟਰ ਮੀਡੀਆ ਰਿਲੇਸ਼ਨਜ਼ ਬਲਤੇਜ ਸਿੰਘ ਪੰਨੂ ਅਤੇ ਪੰਜਾਬ ਰਾਈਟਰਜ਼ ਐਂਡ ਕਲਚਰਲ ਫੋਰਮ ਦੇ ਅਹੁਦੇਦਾਰ।

ਇਸ ਮੌਕੇ ਉਨ੍ਹਾਂ ਪੰਜਾਬ ਰਾਈਟਰਜ਼ ਐਂਡ ਕਲਚਰਡ ਫੋਰਮ ਨੂੰ ਆਪਣੇ ਅਖਤਿਆਰੀ ਫੰਡ ਵਿਚੋਂ 5 ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਐਲਾਨ ਕਰਦੇ ਹੋਏ ਕਿਹਾ ਕਿ ਜਿਨ੍ਹਾਂ ਲੇਖਕਾਂ, ਸਾਹਿਤਕਾਰਾਂ, ਪੱਤਰਕਾਰਾਂ ਦੇ ਸ਼੍ਰੋਮਣੀ ਐਵਾਰਡ ਰਹਿੰਦੇ ਹਨ, ਉਹ ਜਲਦੀ ਤੋਂ ਜਲਦੀ ਦਵਾਉਣ ਲਈ ਉਹ ਮੁੱਖ ਮੰਤਰੀ ਭਗਵੰਤ ਮਾਨ ਨਾਲ ਗੱਲ ਕਰਨਗੇ। ਪਿਛਲੀਆਂ ਸਰਕਾਰਾਂ ਇਹ ਐਵਾਰਡ ਨਹੀਂ ਦੇ ਕੇ ਗਈਆਂ। ਉਨ੍ਹਾਂ ਪੰਜਾਬ ਰਾਈਟਰਜ਼ ਐਂਡ ਕਲਚਰਲ ਫੋਰਮ ਅਤੇ ਨੋਰਥ ਜ਼ੋਨ ਕਲਚਰ ਸੈਂਟਰ ਵਲੋਂ ਪਟਿਆਲਾ ਵਿਖੇ ਇੰਨਾ ਸ਼ਾਨਦਾਰ ਆਯੋਜਨ ਕਰਨ 'ਤੇ ਫੋਰਮ ਦਾ ਧੰਨਵਾਦ ਕੀਤਾ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਪੰਜਾਬ ਦਾ ਬਹੁਤ ਵੱਡਾ ਨੁਕਸਾਨ ਕਰ ਦਿੱਤਾ ਹੈ। ਅਸੀਂ ਉਸ ਨੁਕਸਾਨ ਦੀ ਪੂਰਤੀ ਕਰਨ ਦੇ ਨਾਲ ਨਾਲ ਨੌਜਵਾਨਾਂ ਨੂੰ ਰੁਜ਼ਗਾਰ ਦੇ ਰਹੇ ਹਾਂ। ਪੰਜਾਬ ਦਾ ਹਵਾ ਪਾਣੀ ਪ੍ਰਦੂਸ਼ਣ ਮੁਕਤ ਕਰਨ ਦੀ ਦਿਸ਼ਾ ਵਿਚ ਕੰਮ ਕਰ ਰਹੇ ਹਾਂ। ਜਿਸ ਤਰ੍ਹਾਂ ਦਾ ਪੰਜਾਬ ਅੱਜ ਤੋਂ 50 ਸਾਲ ਪਹਿਲਾਂ ਸੀ, ਉਸ ਤਰ੍ਹਾਂ ਦਾ ਪੰਜਾਬ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਤਾਂ ਜੋ ਲੋਕਾਂ ਨੂੰ ਪ੍ਰਦੂਸ਼ਣ ਮੁਕਤ ਅਤੇ ਭ੍ਰਿਸ਼ਟਾਚਾਰ ਮੁਕਤ ਵਾਤਾਵਰਣ ਮਿਲ ਸਕੇ। ਉਨ੍ਹਾਂ ਕਿਹਾ ਕਿ ਇਸ ਲਈ ਸਮੂਹ ਪੰਜਾਬ ਅਤੇ ਖਾਸ ਕਰਕੇ ਲੇਖਕ, ਚਿੰਤਕ, ਕਵੀ ਸਰਕਾਰ ਨੂੰ ਸਹਿਯੋਗ ਦੇਣ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਪੰਜਾਬ ਨੂੰ ਫਿਰ ਤੋਂ ਰੰਗਲਾ ਪੰਜਾਬ ਬਣਾਉਣ ਲਈ ਕੰਮ ਕਰ ਰਹੀ ਹੈ। ਇਸ ਤੋਂ ਪਹਿਲਾਂ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਪਹੁੰਚੇ ਮੁੱਖ ਮੰਤਰੀ ਦੇ ਡਾਇਰੈਕਟਰ ਮੀਡੀਆ ਰਿਲੇਸ਼ਨਜ਼ ਬਲਤੇਜ ਸਿੰਘ ਪੰਨੂ ਨੇ ਖ਼ੁਦ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਬਲਤੇਜ ਪੰਨੂ ਨੇ ਮੌਜੂਦਾ ਰਾਜਨੀਤਕ ਅਤੇ ਸਮਾਜਿਕ ਹਾਲਾਤਾਂ 'ਤੇ ਆਪਣੀ ਗਜ਼ਲ ਅਤੇ ਨਜ਼ਮਾਂ ਪੇਸ਼ ਕੀਤੀਆਂ। ਸ. ਬਲਤੇਜ ਸਿੰਘ ਪੰਨੂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਦਾ ਸਰਵਪੱਖੀ ਵਿਕਾਸ ਕੀਤਾ ਜਾ ਰਿਹਾ ਹੈ ਅਤੇ ਹਰ ਤਰ੍ਹਾਂ ਦੀ ਲੁੱਟ ਖਸੁੱਟ ਰੋਕੀ ਜਾ ਰਹੀ ਹੈ।

ਪੰਜਾਬ ਦੇ ਲੋਕ ਮੁੱਖ ਮੰਤਰੀ ਭਗਵੰਤ ਮਾਨ ਦੇ ਕਾਰਜਾਂ ਤੋਂ ਬੇਹੱਦ ਖੁਸ਼ ਹਨ। ਇਸ ਤੋਂ ਪਹਿਲਾਂ ਸ਼੍ਰੋਮਣੀ ਪੰਜਾਬੀ ਕਵੀ ਗੁਰਭਜਨ ਸਿੰਘ ਗਿੱਲ ਨੇ ਆਪਣੀ ਪੇਸ਼ਕਾਰੀ 'ਆਪਣੀ ਜਾਚੇ ਉਹ ਤਾਂ ਵੱਡੇ ਘਰ ਜਾਂਦਾ ਹੈ, ਵਿਚ ਸਮੁੰਦਰ ਜਾ ਕੇ ਦਰਿਆ ਮਰ ਜਾਂਦਾ ਹੈ, ਗਰਦਨ ਸਿੱਧੀ ਰੱਖਣ ਦਾ ਮੁੱਲ ਤਾਰ ਰਹੇ ਹਾਂ, ਬੇਸਰਮਾਂ ਦਾ ਨੀਵੀਂ ਪਾ ਕੇ ਸਰ ਜਾਂਦਾ ਹੈ' ਸੁਣਾਈ ਤਾਂ ਪੂਰਾ ਹਾਲ ਤਾੜੀਆਂ ਨਾਲ ਗੂੰਜ ਉਠਿਆ। ਮੰਚ ਦੇ ਪ੍ਰਧਾਨ ਦੇਵੀ ਦਿਆਲ ਗੋਇਲ, ਸਕੱਤਰ ਜਨਰਲ ਅਤੇ ਭਾਸਾ ਵਿਭਾਗ ਦੇ ਸਾਬਕਾ ਨਿਰਦੇਸਕ ਡਾ. ਮਦਨ ਲਾਲ ਹਸੀਜਾ ਅਤੇ ਉਪ ਪ੍ਰਧਾਨ ਪ੍ਰਿੰਸੀਪਲ ਵਿਵੇਕ ਤਿਵਾੜੀ ਦੀ ਅਗਵਾਈ ਹੇਠ ਆਯੋਜਿਤ ਇਹ ਕਵੀ ਸੰਮੇਲਨ ਜਿਥੇ ਪਟਿਆਲਾਵੀਆਂ ਲਈ ਯਾਦਗਾਰੀ ਹੋ ਨਿਬੜਿਆ ਉਥੇ ਹੀ ਸਾਰੇ ਉਘੇ ਕਵੀ ਨੇ ਸਰੋਤਿਆਂ ਦੇ ਸੁਹਜ ਅਤੇ ਕਾਵਿ ਕਲਾ ਨੂੰ ਮਾਨਣ ਦੀ ਸਮਰੱਥਾ ਦੀ ਦਿਲ ਖੋਲਕੇ ਤਾਰੀਫ ਕੀਤੀ। ਗੁਰਭਜਨ ਗਿੱਲ ਹੋਰਾਂ ਨੇ ਜਿੱਥੇ ਆਪਣੀ ਕਾਵਿ ਰਚਨਾਵਾਂ ਨਾਲ ਸਰੋਤਿਆਂ ਨੂੰ ਸਰਸਾਰ ਕੀਤਾ ਉੱਥੇ ਹੀ ਹਾਸ ਰਸ ਭਰਪੂਰ ਸਾਹਿਤਿਕ ਕਿੱਸੇ ਸੁਣਾਕੇ ਖੂਬ ਮਨੋਰੰਜਨ ਵੀ ਕੀਤਾ।

ਕਵੀ ਸਤੀਸ ਵਿਦਰੋਹੀ ਨੇ ਹਾਸ-ਰਸ ਨਾਲ ਕਵੀ ਸੰਮੇਲਨ ਦੀ ਕਰਦਿਆਂ ਪੁਆਧੀ ਭਾਸਾ ਵਿੱਚ ਰਚਨਾਵਾਂ ਪੇਸ ਕਰਦਿਆਂ ਸਰੋਤਿਆਂ ਦੀ ਖੂਬ ਵਾਹਵਾਹੀ ਖੱਟੀ। ਤ੍ਰਿਲੋਚਨ ਲੋਚੀ ਨੇ 'ਮੈਨੂੰ ਪਰਖਣ ਆਏ ਸੀ ਜੋ ਚਾਂਵਾਂ ਨਾਲ, ਝੂੰਮਣ ਲੱਗੇ ਮੇਰੀਆਂ ਹੀ ਕਵੀਤਾਵਾਂ ਨਾਲ, ਨਿੱਤ ਬੁਝਾਉਣ ਉਹ ਦੀਵੇ ਮੈਂ ਫਿਰ ਬਾਲ ਦਿਆਂ, ਅੱਜ ਕੱਲ ਮੇਰਾ ਇੱਟ ਖੜਿੱਕਾ 'ਵਾਂਵਾਂ ਨਾਲ' ਨਾਲ ਆਪਣੇ ਕਲਾਮ ਦੀ ਸੁਰੂਆਤ ਕਰਕੇ ਮਹਿਫਿਲ ਨੂੰ ਇੱਕ ਗੰਭੀਰ ਰੰਗਤ ਦਿੱਤੀ। ਲੋਚੀ ਨੇ ਤਰਨੁੰਮ 'ਘਰਾਂ ਵਿਚ ਰੋਸ਼ਨੀ ਹੁੰਦੇ ਹੋਏ ਵੀ, ਨਹੀਂ ਹੁੰਦਾ ਕੋਈ ਹੁੰਦੇ ਹੋਏ ਵੀ' ਪੇਸ਼ ਕਰਕੇ ਸਰੋਤੇ ਝੂਮਣ ਲਾ ਦਿੱਤੇ। ਮਨਜਿੰਦਰ ਧਨੋਆ ਨੇ 'ਰਾਗ ਅੰਨ੍ਹੇ ਸਬਦ ਕਾਣੇ ਹੋ ਗਏ, ਕਿਸ ਤਰ੍ਹਾਂ ਦੇ ਗੀਤ ਗਾਣੇ ਹੋ ਗਏ, ਸੋਚ ਉਨ੍ਹਾਂ ਦੀ ਸਿਮਟ ਕੇ ਰਹਿ ਗਈ, ਜਦ ਘਰਾਂ ਤੋਂ ਉਹ ਘਰਾਣੇ ਹੋ ਗਏ' ਪੜ੍ਹ ਕੇ ਸਮਕਾਲੀਨ ਪਾਪੂਲਰ ਗੀਤਕਾਰੀ ਅਤੇ ਰੰਗ ਬਦਲਣ ਵਾਲੇ ਲੋਕਾਂ ਤੇ ਕਰਾਰੀ ਚੋਟ ਕੀਤੀ। ਬਲਵਿੰਦਰ ਸੰਧੂ ਨੇ ਨਜਮ 'ਕੀ ਕਰਨਗੀਆਂ ਕੀੜੀਆਂ' ਰਾਹੀਂ ਉਦਾਰ ਆਰਥਿਕ ਨੀਤੀਆਂ ਦੇ ਦੌਰ ਵਿੱਚ ਮੁਨਾਫਾਖੋਰ ਅਤੇ ਬੇਰਹਿਮ ਮਾਨਸਿਕਤਾ ਨੂੰ ਨਸਰ ਕੀਤਾ। ਸੰਮੇਲਨ ਦੀ ਇਕਲੌਤੀ ਮਹਿਲਾ ਕਵਿਤਰੀ ਸੁਖਵਿੰਦਰ ਅੰਮ੍ਰਿਤ ਦੀਆਂ ਰਚਨਾਵਾਂ ਨੇ ਮਹਿਫਿਲ ਨੂੰ ਨਵੀਂ ਉਚਾਈ ਪ੍ਰਦਾਨ ਕੀਤੀ।

ਉਨ੍ਹਾਂ ਦੀ ਰਚਨਾ "ਹਵਾ ਕੀ ਕਰ ਲਊਗੀ ਚਿਹਰਿਆਂ 'ਤੇ ਧੂੜ ਪਾ ਕੇ, ਤੂੰ ਅਪਣੀ ਆਤਮਾ ਦਾ ਹੁਸਨ ਬਸ ਰੱਖੀਂ ਬਚਾ ਕੇ, ਤੁਸੀਂ ਵੀ ਉਸ ਦੀਆਂ ਗੱਲਾਂ ਵਿਚ ਆ ਗਏ ਹੱਦ ਹੋ ਗਈ, ਉਹ ਜੰਗਲ ਫੂਕ ਦਿੰਦਾ ਹੈ ਅਗਰਬੱਤੀ ਜਲਾ ਕੇ' ਨੂੰ ਸਰੋਤਿਆਂ ਨੇ ਖੂਬ ਪਸੰਦ ਕੀਤਾ। ਸਾਹਿਤ ਅਕਾਦਮੀ ਪੁਰਸਕਾਰ ਨਾਲ ਸਨਮਾਨਿਤ ਕਵੀ ਦਰਸਨ ਬੁੱਟਰ ਅਤੇ ਉੱਘੇ ਪੱਤਰਕਾਰ ਸੁਸੀਲ ਦੁਸਾਂਝ ਹੋਰਾਂ ਨੇ ਸੂਖਮ ਮਾਨਵੀ ਭਾਵਨਾਵਾਂ ਨੂੰ ਉਕੇਰਦੀ ਰਚਨਾਵਾਂ ਪੇਸ ਕਰ ਆਪਣੀ ਕਾਵਿ ਕਲਾ ਅਤੇ ਬੌਧਿਕਤਾ ਦਾ ਲੋਹਾ ਮਨਵਾਇਆ। ਸੁਸੀਲ ਦੁਸਾਂਝ ਨੇ ਬਾਖੂਬੀ ਮੰਚ ਸੰਚਾਲਕ ਦੀ ਭੂਮਿਕਾ ਨਿਭਾਈ। ਕਵੀ ਸੰਮੇਲਨ ਦੇ ਮੁੱਖ ਸੈਸਨ ਦੇ ਸੁਰੂ ਹੋਣ ਤੋਂ ਪਹਿਲਾਂ ਪਟਿਆਲਾ ਦੇ ਪੰਜਾਬੀ ਅਤੇ ਹਿੰਦੀ ਦੇ ਕਵੀਆਂ ਨੇ ਆਪਣੀ ਰਚਨਾਵਾਂ ਨਾਲ ਸਰੋਤਿਆਂ ਨੂੰ ਬੰਨੀ ਰੱਖਿਆ।

# ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਪੁਰਬ ਮੌਕੇ ਮੁੱਖ ਮੰਤਰੀ ਨੇ ਮਿਊਜ਼ੀਅਮ ਕੀਤਾ ਲੋਕਾਂ ਨੂੰ ਸਮਰਪਿਤ

(ਸਫ਼ਾ 1 ਦੀ ਬਾਕੀ)

ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਸਬੰਧੀ ਇਕ ਮੋਬਾਈਲ ਐਪਲੀਕੇਸ਼ਨ ਵੀ ਵਿਕਸਤ ਕੀਤੀ ਗਈ ਹੈ, ਜਿਸ ਦੀ ਆਪਣੇ ਮੋਬਾਈਲ ਫੋਨ ਰਾਹੀਂ ਵਰਤੋਂ ਨਾਲ ਕੋਈ ਵੀ ਵਿਅਕਤੀ ਇੱਥੇ ਸਾਰੀ ਜਾਣਕਾਰੀ ਹਾਸਲ ਕਰ ਸਕਦਾ ਹੈ। ਭਗਵੰਤ ਮਾਨ ਨੇ ਕਿਹਾ ਕਿ ਇਹ ਨਵੀਨੀਕ੍ਰਿਤ ਅਤਿ-ਆਧੁਨਿਕ ਮਿਊਜ਼ੀਅਮ, ਜਿਹੜਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਪੁਰਬ ਮੌਕੇ ਲੋਕਾਂ ਨੂੰ ਸਮਰਪਿਤ ਕੀਤਾ ਗਿਆ ਹੈ, ਸ਼ਰਧਾਲੂਆਂ ਤੇ ਹੋਰ ਆਉਣ ਵਾਲਿਆਂ ਨੂੰ ਇਤਿਹਾਸਕ ਤੱਥਾਂ ਬਾਰੇ ਜਾਣੂੰ ਕਰਵਾਏਗਾ ਅਤੇ ਨੌਜਵਾਨਾਂ ਨੂੰ ਵਿਰਸੇ ਵਿੱਚ ਮਿਲੇ ਬਲੀਦਾਨ ਦੇ ਜਜ਼ਬੇ ਨਾਲ ਰੂ-ਬਰੂ ਕਰਵਾਏਗਾ।

ਧਾਰਮਿਕ ਸ਼ਹਿਰਾਂ ਦੇ ਵਿਕਾਸ ਨੂੰ ਨਜ਼ਰਅੰਦਾਜ਼ ਕਰਨ ਲਈ ਅਕਾਲੀ ਲੀਡਰਸ਼ਿਪ ਦੀ ਆਲੋਚਨਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਮੁਖੀ ਸੁਖਬੀਰ ਸਿੰਘ ਬਾਦਲ ਭਾਵੇਂ ਹਮੇਸ਼ਾ ਵੱਡੇ-ਵੱਡੇ ਦਮਗਜ਼ੇ ਮਾਰਦੇ ਹਨ ਪਰ ਉਨ੍ਹਾਂ ਇਨ੍ਹਾਂ ਸ਼ਹਿਰਾਂ ਦੇ ਵਿਕਾਸ ਲਈ ਕੁੱਝ ਵੀ ਵਿਹਾਰਕ ਕੰਮ ਨਹੀਂ ਕੀਤਾ।

ਉਨ੍ਹਾਂ ਕਿਹਾ ਕਿ ਅਕਾਲੀ ਲੀਡਰਸ਼ਿਪ ਦੀ ਇਸੇ ਉਦਾਸੀਨਤਾ ਕਾਰਨ ਲੋਕਾਂ ਨੇ ਉਨ੍ਹਾਂ ਨੂੰ ਬਾਹਰ ਦਾ ਰਸਤਾ ਦਿਖਾਇਆ। ਭਗਵੰਤ ਮਾਨ ਨੇ ਕਿਹਾ ਕਿ ਬਾਦਲਾਂ ਨੇ ਸੂਬੇ ਅਤੇ ਇਸ ਦੇ ਲੋਕਾਂ ਨਾਲੋਂ ਵੱਧ ਆਪਣੇ ਸਵਾਰਥਾਂ ਨੂੰ ਅਹਿਮੀਅਤ ਦਿੱਤੀ।

ਮੁੱਖ ਮੰਤਰੀ ਨੇ ਕਿਹਾ ਕਿ ਰਵਾਇਤੀ ਸਿਆਸੀ ਪਾਰਟੀਆਂ ਉਨ੍ਹਾਂ ਨਾਲ ਈਰਖਾ ਕਰਦੀਆਂ ਹਨ ਕਿਉਂਕਿ ਇਨ੍ਹਾਂ ਪਾਰਟੀਆਂ ਨੂੰ ਸਧਾਰਨ ਘਰ ਦੇ ਪੁੱਤ ਵੱਲੋਂ ਸਮਰਪਿਤ ਭਾਵਨਾ ਨਾਲ ਕੀਤੀ ਜਾ ਰਹੀ ਸੇਵਾ ਬਰਦਾਰਸ਼ਤ ਨਹੀਂ ਹੋ ਰਹੀ। ਉਨ੍ਹਾਂ ਕਿਹਾ ਕਿ ਪੰਜਾਬ ਵਾਸੀਆਂ ਨੇ ਇਨ੍ਹਾਂ ਪਾਰਟੀਆਂ ਦੇ ਪੰਜਾਬ ਵਿਰੋਧੀ ਅਤੇ ਲੋਕ ਵਿਰੋਧੀ ਪੈਂਤੜੇ ਕਰਕੇ ਹੀ ਸੂਬੇ ਵਿੱਚੋਂ ਇਨ੍ਹਾਂ ਦਾ ਸਫਾਇਆ ਹੋ ਚੁੱਕਾ ਹੈ। ਭਗਵੰਤ ਮਾਨ ਨੇ ਕਿਹਾ ਕਿ ਇਹ ਪਾਰਟੀਆਂ ਅਤੇ ਇਨ੍ਹਾਂ ਦੇ ਲੀਡਰਾਂ ਨੇ ਹਮੇਸ਼ਾ ਆਪਣੇ ਸਵਾਰਥੀ ਹੀ ਪੂਰੇ ਹਨ ਜਦਕਿ ਲੋਕਾਂ ਨੇ ਸੂਬੇ ਦੀ ਸੇਵਾ ਲਈ ਸਧਾਰਨ ਪਰਿਵਾਰਾਂ ਦੇ ਬੱਚਿਆਂ ਨੂੰ ਮੌਕਾ ਦਿੱਤਾ ਹੈ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਸੂਬਾ ਸਰਕਾਰ ਨੇ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਦੇਣ ਲਈ ਸੂਬਾ ਭਰ ਵਿਚ 500 ਆਮ ਆਦਮੀ ਕਲੀਨਿਕ ਸਮਰਪਿਤ ਕੀਤੇ ਹਨ।

## ਮਾਤਾ ਕੌਸ਼ੱਲਿਆ ਨਾਲ ਸੰਬਧਤ ਪਿੰਡ ਘੜ੍ਹਾਮ ਬਣੇਗਾ ਆਦਰਸ਼ ਪਿੰਡ

# ਮੁੱਖ ਮੰਤਰੀ ਦੀ ਵਿਸ਼ੇਸ਼ ਪਹਿਲਕਦਮੀ ਤੇ ਵਿਧਾਇਕ ਦੀਆਂ ਕੋਸ਼ਿਸ਼ਾਂ ਸਦਕਾ ਘੜ੍ਹਾਮ ਨੂੰ ਆਦਰਸ਼ ਪਿੰਡ ਬਣਾਉਣ ਦੀ ਤਜਵੀਜ ਬਣਾਈ :ਸਾਕਸ਼ੀ ਸਾਹਨੀ


ਪਿੰਡ ਘੜ੍ਹਾਮ ਨੂੰ ਆਦਰਸ਼ ਪਿੰਡ ਬਣਾਉਣ ਲਈ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਪਿੰਡ ਦਾ ਦੌਰਾ ਕਰਦੇ ਹੋਏ

**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਹਲਕਾ ਸਨੌਰ ਦੇ ਇਤਿਹਾਸਕ ਤੇ ਵਿਰਾਸਤੀ ਪਿੰਡ ਘੜ੍ਹਾਮ ਨੂੰ ਸੈਰ ਸਪਾਟੇ ਦਾ ਕੇਂਦਰ ਬਣਾਉਣ ਲਈ ਘੜ੍ਹਾਮ ਨੂੰ ਆਦਰਸ਼ ਪਿੰਡ ਵਜੋਂ ਵਿਕਸਤ ਕੀਤਾ ਜਾਵੇਗਾ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਕੀਤਾ, ਜੋਕਿ ਪੰਜਾਬ ਤੇ ਹਰਿਆਣਾ ਦੀ ਹੱਦ 'ਤੇ ਵੱਸੇ ਪਿੰਡ ਘੜ੍ਹਾਮ ਵਿਖੇ ਪੁੱਜੇ ਹੋਏ ਸਨ।
ਉਨ੍ਹਾਂ ਨੇ ਪਿੰਡ ਘੜ੍ਹਾਮ ਦਾ ਦੌਰਾ ਕਰਕੇ ਇਸ ਪਿੰਡ 'ਚ ਕੀਤੇ ਜਾਣ ਵਾਲੇ ਵਿਕਾਸ ਕਾਰਜਾਂ ਦੀ ਤਜਵੀਜ਼ ਬਣਾਉਣ ਲਈ ਪਿੰਡ ਤੇ ਇਲਾਕਾ ਵਾਸੀਆਂ ਸਮੇਤ ਅਧਿਕਾਰੀਆਂ ਨਾਲ ਬੈਠਕ ਵੀ ਕੀਤੀ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਵਿਸ਼ੇਸ਼ ਪਹਿਲਕਦਮੀ ਅਤੇ ਹਲਕਾ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੀਆਂ ਲਗਾਤਾਰ ਕੋਸ਼ਿਸ਼ਾਂ ਸਦਕਾ ਘੜ੍ਹਾਮ ਨੂੰ ਆਦਰਸ਼ ਪਿੰਡ ਬਣਾਉਣ ਦੀ ਤਜਵੀਜ ਬਣਾਈ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਵਿਰਾਸਤ ਤੇ ਇਤਿਹਾਸ 'ਚ ਪਟਿਆਲਾ ਦੇ ਖਾਸ ਸਥਾਨ 'ਤੇ ਸਭ ਨੂੰ ਫ਼ਖਰ ਹੈ, ਇਸ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪਟਿਆਲਾ ਜ਼ਿਲ੍ਹੇ ਦੀ ਵਿਰਾਸਤੀ ਧਰੋਹਰ ਨੂੰ ਸੰਭਾਲਣ ਤੇ ਇਸ ਨੂੰ ਕੌਮਾਂਤਰੀ ਸੈਰ ਸਪਾਟਾ ਨਕਸ਼ੇ 'ਤੇ ਉਭਾਰਨ ਲਈ ਯਤਨਸ਼ੀਲ ਹੈ।

ਸਾਕਸ਼ੀ ਸਾਹਨੀ ਨੇ ਇਲਾਕੇ ਦੇ ਪਤਵੰਤੇ ਤੇ ਅਧਿਕਾਰੀਆਂ ਨਾਲ ਬੈਠਕ ਕਰਦਿਆਂ ਦੱਸਿਆ ਕਿ ਪਿੰਡ ਨੂੰ ਜੋੜਦੀਆਂ ਸੜਕਾਂ ਨੂੰ ਭਗਵਾਨ ਰਾਮ ਜੀ ਦੇ ਨਾਮ 'ਤੇ ਰੱਖਣਾ ਤੇ ਚੌੜਾ ਕਰਨ ਤੇ ਸੋਲਰ ਲਾਇਟਿੰਗ, ਸਵਾਗਤੀ ਗੇਟ, ਬੂਟੇ ਲਗਾਉਣੇ, ਡਿਸਪੈਂਸਰੀ ਤੇ ਆਮ ਆਦਮੀ ਕਲੀਨਿਕ, ਸੁੰਦਰੀਕਰਨ, ਸੀਵਰੇਜ ਟਰੀਟਮੈਂਟ ਪਲਾਂਟ, ਧਰਤੀ ਹੇਠਲਾ ਪਾਣੀ ਰੀਚਾਰਜ ਕਰਨਾ, ਸਾਂਝਾ ਜਲ ਤਲਾਬ, ਛੱਪੜ ਦਾ ਸੀਚੇਵਾਲ ਮਾਡਲ ਨਾਲ ਨਵੀਨੀਕਰਨ, ਜਿੰਮ ਤੇ ਖੇਡ ਦਾ ਮੈਦਾਨ, ਸਕੂਲ ਤੇ ਆਂਗਣਵਾੜੀ ਕੇਂਦਰ ਦੀ ਅਪਗ੍ਰੇਡੇਸ਼ਨ, ਕਮਿਊਨਿਟੀ ਸੈਂਟਰ, ਗਊਸ਼ਾਲਾ, ਬਾਇਓ ਗੈਸ ਪਲਾਂਟ, ਟੂਰਿਜ਼ਮ ਸੈਂਟਰ, ਸੋਲਰ ਪਾਰਕ, ਸੋਲਰ ਕੋਲਡ ਸਟੋਰੇਜ ਸਿਸਟਮ, ਤੁਪਕਾ ਸਿੰਚਾਈ, ਟਿੱਲੇ ਦੀ ਸੰਭਾਲ, ਮੰਡੀ ਦੀ ਅਪ੍ਰਗ੍ਰੇਡੇਸ਼ਨ, ਸਮਸ਼ਾਨਘਾਟ ਦਾ ਨਵੀਨੀਕਰਨ ਆਦਿ ਸਮੇਤ ਹੋਰ ਕਈ ਵਿਕਾਸ ਕੰਮ ਕੀਤੇ ਜਾਣਗੇ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪਿੰਡ ਘੜ੍ਹਾਮ ਦਾ ਸਬੰਧ ਜਿੱਥੇ ਸ੍ਰੀ ਰਾਮ ਚੰਦਰ ਜੀ ਦੇ ਮਾਤਾ ਕੌਸ਼ੱਲਿਆ ਨਾਲ ਜੁੜਦਾ ਹੈ, ਕਿਉਂਕਿ ਇਹ ਪ੍ਰਚਲਿਤ ਹੈ ਕਿ ਭਗਵਾਨ ਰਾਮ ਦੇ ਪਿਤਾ ਜੀ ਮਹਾਰਾਜਾ ਦਸਰਥ ਬਰਾਤ ਲੈਕੇ ਢੁੱਕੇ ਸਨ ਤੇ ਉਨ੍ਹਾਂ ਦਾ ਮਾਤਾ ਕੌਸ਼ਲਿਆ ਨਾਲ ਵਿਆਹ ਹੋਇਆ ਸੀ।

# ਡਾ. ਬਲਜੀਤ ਕੌਰ ਅਤੇ ਲਾਲਜੀਤ ਸਿੰਘ ਭੁੱਲਰ ਨੇ ਪਿੰਡ ਉਸਮਾਂ ਵਿਖੇ 5 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਸਰਕਾਰੀ ਬਾਲ ਘਰ ਦਾ ਰੱਖਿਆ ਨੀਂਹ ਪੱਥਰ

## ਪੰਜਾਬ ਸਰਕਾਰ ਵੱਲੋਂ ਰਾਜ ਵਿੱਚ ਬੱਚਿਆਂ, ਔਰਤਾਂ ਅਤੇ ਬਜ਼ੁਰਗਾਂ ਦੀ ਸੁਰੱਖਿਆ ਨੂੰ ਸੁਨਿਸ਼ਚਿਤ ਕਰਨ ਲਈ ਕੀਤੇ ਜਾ ਰਹੇ ਹਨ ਬਹੁਪੱਖੀ ਉਪਰਾਲੇ : ਡਾ. ਬਲਜੀਤ ਕੌਰ

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਅਤੇ ਕੈਬਨਿਟ ਮੰਤਰੀ ਪੰਜਾਬ ਸ੍ਰ. ਲਾਲਜੀਤ ਸਿੰਘ ਭੁੱਲਰ ਵੱਲੋਂ ਪਿੰਡ ਉਸਮਾਂ, ਜ਼ਿਲ੍ਹਾ ਤਰਨ ਤਾਰਨ ਵਿਖੇ ਲੱਗਭੱਗ 5 ਕਰੋੜ ਰੁਪਏ ਦੀ ਲਾਗਤ ਨਾਲ 4 ਕਨਾਲਾਂ ਵਿੱਚ ਬਣਨ ਵਾਲੇ ਸਰਕਾਰੀ ਬਾਲ ਘਰ ਦਾ ਨੀਂਹ ਪੱਥਰ ਰੱਖਿਆ ਗਿਆ।

ਇਸ ਮੌਕੇ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਮਾਨ ਦੀ ਅਗਵਾਈ ਹੇਠ ਰਾਜ ਵਿੱਚ ਬੱਚਿਆਂ, ਔਰਤਾਂ ਅਤੇ ਬਜ਼ੁਰਗਾਂ ਦੀ ਸੁਰੱਖਿਆ ਨੂੰ ਸੁਨਿਸ਼ਚਿਤ ਕਰਨ ਲਈ ਬਹੁਪੱਖੀ ਉਪਰਾਲੇ ਕੀਤੇ ਜਾ ਰਹੇ ਹਨ।



ਉਹਨਾਂ ਕਿਹਾ ਕਿ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਵੱਲੋਂ ਬੱਚਿਆਂ ਦੀ ਸੁਰੱਖਿਆ ਤੇ ਭਲਾਈ ਲਈ, ਬਾਲ ਸੁਰੱਖਿਆ ਸਕੀਮ ਚਲਾਈ ਜਾ ਰਹੀ ਹੈ, ਜਿਸ ਦਾ ਮੁੱਖ ਉਦੇਸ਼ 18 ਸਾਲ ਤੱਕ ਦੇ ਲੋੜਵੰਦ ਬੱਚਿਆਂ ਦੀ ਸਹੀ ਦੇਖਭਾਲ, ਸੁਰੱਖਿਆ, ਵਿਕਾਸ, ਇਲਾਜ ਅਤੇ ਸਮਾਜ ਵਿੱਚ ਮੁੜ ਵਸੇਬਾ ਕਰਨਾ ਹੈ। ਉਹਨਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜੁਵੇਨਾਇਲਜਸਟਿਸ ਕੇਅਰ ਐਂਡ ਪ੍ਰੋਟੈਕਸ਼ਨ ਆਫ਼ ਚਿਲਡਰਨ ਐਕਟ 2015 ਅਧੀਨ ਰਾਜ ਵਿੱਚ 7 ਸਰਕਾਰੀ ਬਾਲ ਘਰ ਚਲਾਏ ਜਾ ਰਹੇ ਹਨ।ਇਹ ਬਾਲ ਘਰ ਬਠਿੰਡਾ, ਜਲੰਧਰ, ਲੁਧਿਆਣਾ, ਪਟਿਆਲਾ, ਗੁਰਦਾਸਪੁਰ ਅਤੇ ਹੁਸ਼ਿਆਰਪੁਰ ਵਿੱਚ ਸਥਾਪਿਤ ਹਨ। ਇਹਨਾਂ ਬਾਲ ਘਰਾਂ ਵਿੱਚ 238 ਬੱਚੇ ਰਹਿ ਰਹੇ ਹਨ। ਇਸ ਮੌਕੇ ਬੋਲਦਿਆਂ ਕੈਬਨਿਟ ਮੰਤਰੀ ਪੰਜਾਬ ਸ੍ਰ. ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਸਮਾਜਿਕ ਕੁਰੀਤੀਆਂ ਦਾ ਸ਼ਿਕਾਰ ਅਨਾਥ ਤੇ ਬੇਸਹਾਰਾ ਬੱਚਿਆਂ ਦੀ ਸੁਰੱਖਿਅਤ ਦੇਖਭਾਲ ਲਈ ਬਾਲ ਘਰ ਸਾਡੇ ਇਲਾਕੇ ਦੀ ਬਹੁਤ ਸਮੇਂ ਤੋਂ ਮੰਗ ਸੀ। ਉਹਨਾਂ ਕਿਹਾ ਕਿ ਇਸ ਬਾਲ ਘਰ ਦੇ ਬਣਨ ਨਾਲ ਇਲਾਕੇ ਦੇ ਅਨਾਥ ਤੇ ਬੇਸਹਾਰਾ ਬੱਚਿਆਂ ਨੂੰ ਰਹਿਣ-ਸਹਿਣ, ਖਾਣ-ਪੀਣ ਅਤੇ ਪੜਾਈ ਆਦਿ ਦੀ ਮੁਫ਼ਤ ਸਹੂਲਤ ਮਿਲੇਗੀ ਤਾਂ ਜੋ ਉਹ ਸਮਾਜ ਵਿੱਚ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰ ਸਕਣ।

ਉਹਨਾਂ ਕਿਹਾ ਕਿ ਇਸ ਬਾਲ ਘਰ ਦੀ ਦੋ ਮੰਜ਼ਿਲਾਂ ਇਮਾਰਤ ਦੀ ਉਸਾਰੀ ਕਰਕੇ ਜਲਦ ਹੀ ਇਲਾਕੇ ਦੇ ਲੋਕਾਂ ਦੇ ਸਪੁਰਦ ਕੀਤੀ ਜਾਵੇਗੀ ਤਾਂ ਜੋ ਅਨਾਥ ਤੇ ਬੇਸਹਾਰਾ ਬੱਚੇ ਇੱਥੇ ਰਹਿ ਕੇ ਆਪਣਾ ਜੀਵਨ ਬਸਰ ਕਰ ਸਕਣ। ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਅਤੇ ਸ੍ਰ. ਲਾਲਜੀਤ ਸਿੰਘ ਭੁੱਲਰ ਵੱਲੋਂ ਆਂਗਣਵਾੜੀ ਵਰਕਰਾਂ ਦੀਆਂ ਸਮੱਸਿਆਵਾਂ ਵੀ ਸੁਣੀਆਂ ਗਈਆਂ ਅਤੇ ਸਰਕਾਰ ਵੱਲੋਂ ਉਹਨਾਂ ਦੀਆਂ ਸਮੱਸਿਆਵਾਂ ਦਾ ਜਲਦ ਤੋਂ ਜਲਦ ਹੱਲ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਕਰਵਾਏ ਗਏ ਸੰਖੇਪ ਸਮਾਗਮ ਦੌਰਾਨ ਮਾਵਾਂ ਤੇ ਨਵ-ਜਨਮੇਂ ਬੱਚਿਆਂ ਨੂੰ ਪੋਸ਼ਣ ਕਿੱਟਾਂ ਤੇ ਬੇਬੀ ਸੂਟ ਵੀ ਵੰਡੇ ਗਏ।

# ਜਨਤਕ ਜੰਥੇਬੰਦੀਆਂ ਦੇ ਸਾਝੇ ਮੋਰਚੇ ਨੇ ਕੀਤਾ ਜਲ ਸਰੋਤ ਸਕੱਤਰ ਦਾ ਵਿਰੋਧ

## ਪੁਲਿਸ ਨੇ ਗੇਟ ਬੰਦ ਕਰਕੇ ਸਕੱਤਰ ਦੇ ਨੇੜੇ ਜਾਣ ਤੋ ਰੋਕਿਆ

**ਪਟਿਆਲਾ,**
**-ਰੋਜ਼ਾਨਾ ਸਵੇਰਾ-**



ਜਨਤਕ ਜੰਥੇਬੰਦੀਆ ਦੇ ਸਾਝੇ ਮੋਰਚੇ (ਜੇ ਪੀ ਐਮ ਓ)ਵੱਲੋਂ ਉਲੀਕੇ ਪੋ ?ਗਰਾਮ ਤਹਿਤ ਅੱਜ ਕਿਸਾਨ, ਮਜਦੂਰ ਮੁਲਾਜ਼ਮ ਤੇ ਵਿਦਿਆਰਥੀ ਜੰਥੇਬੰਦੀਆਂ ਵੱਲੋ ਭਾਖੜਾ ਮੇਨ ਲਾਇਨ ਦੇ ਗਰਾਉਡ ਚ ਵਿਸਾਲ ਰੈਲੀ ਕੀਤੀ ਰੈਲੀ ਸੰਬੋਧਨ ਕਰਦਿਆ ਦਰਸ਼ਨ ਬੇਲੂਮਾਜਰਾ,ਹਰੀ ਸਿੰਘ ਦੋਣਕਲਾਂ, ਸੁੱਚਾ ਸਿੰਘ ਕੋਲ ਤੇ ਰਣਜੀਤ ਮਾਨ ਨੇ ਕਿਹਾ ਕਿ ਪੰਜਾਬ ਦੇ ਲੋਕ ਜਲ ਸਰੋਤ ਸਕੱਤਰ ਕਿ ?ਸਨ ਕੁਮਾਰ ਦੇ ਇਸ ਕੁਦਰਤੀ ਸੋਮੇ ਪਾਣੀ ਨੂੰ ਪੁਨਰਗਠਨ ਦੀ ਆੜ ਚ ਕਾਰਪੋਰੇਟ ਨੂੰ ਨਹੀ ਵੇਚਣ ਦੇਣਗੇ ਇਸ ਨਾਲ ਜਿਥੇ ਸਾਡੇ ਬੱਚਿਆ ਦਾ ਰੁਜਗਾਰ ਖਤਮ ਹੋਵੇਗਾ ਆਉਣ ਵਾਲੇ ਸਮੇ ਖੇਤਾਂ ਲਈ ਤੇ ਪੀਣ ਲਈ ਪਾਣੀ ਵੀ ਮਹਿੰਗੇ ਮੁਲ ਤੇ ਮਿਲੇਗਾ। ਇਸ ਇੱਕਤਰਤਾ ਨੂੰ ਹੋਰਨਾ ਤੋਂ ਇਲਾਵਾ ਰਫ਼ੀਕ ਮੁਹੰਮਦ, ਪਰਮਜੀਤ ਸਿੰਘ ਤੇ ਦਿਆਲ ਸਿੰਘ ਸਿੱਧੂ ਤੇ ਹਰਦੇਵ ਸਿੰਘ ਨੇ ਕਿਹਾ ਕਿ ਸਰਕਾਰ ਦੇ ਖਿਲਾਫ਼ ਇਹ ਲੜਾਈ ਆਉਣ ਵਾਲੇ ਸਮੇ ਚ ਹੋਰ ਤੇਜ ਹੋਵੇਗੀ ਪੰਜਾਬ ਦੇ ਸੱਮੁਚੇ ਲੋਕ ਇਸ ਲੜਾਈ ਚ ਭਰਵਾਂ ਯੋਗਦਾਨ ਪਾਉਣਗੇ, ਪ੍ਰਸਾਸਨ ਤੇ ਪੁਲਿਸ ਲਈ ਉਸ ਸਮੇ ਮੁਸਕਿਲ ਹੋ ਗਈ ਜਦੋ ਭੜਕੇ ਹੋਏ ਲੋਕ ਨਾਹਰੇ ਮਾਰਦੇ, ਅਪਣੇ ਝੰਡਿਆਂ ਤੇ ਬੈਨਰਾਂ ਨਾਲ ਲੈਸ ਹੋਕੇ ਸਟੇਟ ਕਾਲਜ ਵੱਲ ਜਾਣ ਲੱਗੇ ਤਾਂ ਪੁਲਿਸ ਵੱਲੋ ਮੈਨ ਗੇਟ ਬੰਦ ਕਰਕੇ ਧਰਨਾਕਾਰੀਆਂ ਨੂੰ ਅੱਗੇ ਵੱਧਣ ਤੋ ਰੋਕ ਲਿਆ ਅਤੇ ਮਾਨਯੋਗ ਸਿੰਚਾਈ ਮੰਤਰੀ ਨਾਲ ਮੀਟਿੰਗ ਕਰਾਉਣ ਦਾ ਭਰੋਸਾ ਦਿੱਤਾ ਤਾਂ ਫ਼ਿਰ ਧਰਨਾ ਕਾਰੀ ਸਾਂਤ ਹੋਏ ਪੁਲਿਸ ਨੇ ਧਰਨਾਕਾਰੀਆ ਨੂੰ ਪ੍ਰੇਕੇ ਘਰੋ ਘਰੀ ਤੋਰਿਆ।

# ਸਿਹਤ ਮੰਤਰੀ ਨੇ ਦਿੱਤਾ ਬੇਰੁਜ਼ਗਾਰ ਵਰਕਰਾਂ ਨੂੰ ਭਰੋਸਾ




**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਸਿਹਤ ਵਿਭਾਗ ਵਿੱਚ ਭਰਤੀ ਦੀ ਮੰਗ ਨੂੰ ਲੈਕੇ ਸੰਘਰਸ਼ ਕਰਦੇ ਆ ਰਹੇ ਬੇਰੁਜ਼ਗਾਰ ਮਲਟੀ ਪਰਪਜ਼ ਹੈਲਥ ਵਰਕਰਾਂ ਨੇ ਸਿਹਤ ਮੰਤਰੀ ਨਾਲ ਪੰਜਾਬ ਭਵਨ ਚੰਡੀਗੜ੍ਹ ਵਿੱਚ ਮੀਟਿੰਗ ਕੀਤੀ। ਯੂਨੀਅਨ ਵੱਲੋਂ ਪਹੁੰਚੀ ਪੰਜ ਮੈਂਬਰੀ ਟੀਮ ਨੇ ਬਲਕਾਰ ਸਿੰਘ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਅਗਵਾਈ ਵਿੱਚ ਜ਼ੋਰਦਾਰ ਢੰਗ ਨਾਲ ਸਿਹਤ ਵਿਭਾਗ ਵਿੱਚ ਖਾਲੀ ਪਈਆਂ ਵਰਕਰ ਪੁਰਸ਼ ਦੀ ਭਰਤੀ ਕਰਨ ਦੀ ਮੰਗ ਕੀਤੀ। ਬੇਰੁਜ਼ਗਾਰਾਂ ਨੇ ਕਿਹਾ ਕਿ ਪੰਜਾਬ ਸਿਹਤ ਵਿਭਾਗ ਵਿੱਚ ਪੰਜਾਬ ਦੀ ਆਬਾਦੀ ਅਨੁਸਾਰ ਘੱਟੋ ਘੱਟ ਛੇ ਹਜ਼ਾਰ ਵਰਕਰ ਪੁਰਸ਼ ਦੀਆਂ ਅਸਾਮੀਆਂ ਮਨਜ਼ੂਰ ਕੀਤੇ ਜਾਣ ਦੀ ਲੋੜ ਹੈ।ਬੇਰੁਜ਼ਗਾਰਾਂ ਨੇ ਕਿਹਾ ਕਿ ਮੁਹੱਲਾ ਕਲੀਨਿਕ ਦੇ ਡਰਾਮੇ ਦੀ ਬਜਾਏ ਲੰਬੇ ਸਮੇਂ ਤੋਂ ਕੋਰਸ ਪਾਸ ਕਰਕੇ ਬੇਰੁਜ਼ਗਾਰੀ ਝੱਲ ਰਹੇ ਵਰਕਰਾਂ ਨੂੰ ਨੌਕਰੀ ਦਿੱਤੀ ਜਾਵੇ।
ਓਹਨਾਂ ਦੱਸਿਆ ਕਿ ਵਰਕਰ ਦਾ ਕੋਰਸ ਕਰਵਾਉਣ ਵਾਲੀਆਂ ਸਾਰੀਆਂ ਸੰਸਥਾਵਾਂ ਸਾਲ 2014 ਤੋ ਬੰਦ ਹੋ ਚੁੱਕੀਆਂ ਹਨ।ਪੰਜਾਬ ਅੰਦਰ ਕੋਰਸ ਪਾਸ ਕਰੀਬ 2500 ਬੇਰੁਜ਼ਗਾਰ ਰੁਲ ਰਹੇ ਹਨ। ਸਿਹਤ ਮੰਤਰੀ ਨੇ ਜਲਦੀ ਭਰਤੀ ਦਾ ਭਰੋਸਾ ਦਿੱਤਾ।
ਯੂਨੀਅਨ ਦੇ ਸੂਬਾ ਪ੍ਰਧਾਨ ਹਰਵਿੰਦਰ ਥੂਹੀ ਨੇ ਕਿਹਾ ਕਿ ਜੇਕਰ ਸਿਹਤ ਮੰਤਰੀ ਨੇ ਲਾਰਾ ਲਗਾਇਆ ਤਾਂ ਜਲਦੀ ਮੰਤਰੀ ਦੇ ਸ਼ਹਿਰ ਪੱਕਾ ਮੋਰਚਾ ਸ਼ੁਰੂ ਕੀਤਾ ਗਿਆ ਜਾਵੇਗਾ।
ਇਸ ਮੌਕੇ ਜਿਲ੍ਹਾ ਪ੍ਰਧਾਨ ਰਵਿੰਦਰ ਸਿੰਘ ਅਜਨਾਲਾ, ਸਾਹਿਬ ਸਿੰਘ, ਹਰਮਨਪੀਤ ਸਿੰਘ, ਲੱਖਾ ਜੋਗਾ ਗਗਨਦੀਪ ਅੰਮ੍ਰਿਤਸਰ ਆਦਿ ਹਾਜ਼ਰ ਸਨ।

# ਗੌਰਮਿੰਟ (ਸਟੇਟ) ਕਾਲਜ ਆਫ਼ ਐਜੂਕੇਸ਼ਨ ਵਿਖੇ ਡਾ. ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਵਸ ਨੂੰ ਸਮਰਪਿਤ ਵਿਸ਼ੇਸ਼ ਲੈਕਚਰ



**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਗੌਰਮਿੰਟ (ਸਟੇਟ) ਕਾਲਜ ਆਫ਼ ਐਜੂਕੇਸ਼ਨ, ਪਟਿਆਲਾ ਵਿਖੇ ਡਾ. ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਵਸ ਨੂੰ ਸਮਰਪਿਤ 'ਵਿਸ਼ਵੀਕਰਨ ਦੇ ਸੰਦਰਭ ਵਿੱਚ ਭਾਰਤੀ ਸੰਵਿਧਾਨ ਦੀ ਮਹੱਤਤਾ' ਵਿਸ਼ੇ ਤੇ ਵਿਸ਼ੇਸ਼ ਲੈਕਚਰ ਕਰਵਾਇਆ ਗਿਆ, ਜਿਸ ਦੇ ਮੁੱਖ ਵਕਤਾ ਪ੍ਰਿੰਸੀਪਲ ਬੁੱਧ ਰਾਮ ਜੀ, ਐਮ.ਐਲ.ਏ.ਹਲਕਾ ਬੁਢਲਾਡਾ ਸਨ। ਉਨ੍ਹਾਂ ਨੇ ਡਾ. ਭੀਮ ਰਾਓ ਅੰਬੇਦਕਰ ਦੇ ਜੀਵਨ ਤੇ ਚਾਨਣਾ ਪਾਉਂਦਿਆਂ ਭਾਰਤੀ ਸੰਵਿਧਾਨ ਨੂੰ ਦੁਨੀਆਂ ਦਾ ਸਨ ਤੋਂ ਉਤਮ ਸੰਵਿਧਾਨ ਦੱਸਿਆ। ਉਨ੍ਹਾਂ ਕਿਹਾ ਕਿ ਅਜੋਕੇ ਵਿਸ਼ਵੀਕਰਨ ਦੇ ਯੁੱਗ ਵਿੱਚ ਭਾਰਤੀ ਸੰਵਿਧਾਨ ਦੇਸ਼ ਵਾਸੀਆਂ ਨੂੰ ਸਹੀ ਸੇਧ ਪ੍ਰਦਾਨ ਕਰ ਰਿਹਾ ਹੈ। ਡਾ. ਬੀ.ਆਰ.ਅੰਬੇਦਕਰ ਜੀ ਵੱਲੋਂ ਅਜ਼ਾਦ ਭਾਰਤ ਦੇ ਨਿਰਮਾਣ ਲਈ ਨਿਭਾਈ ਉਸਾਰੂ ਸੋਚ ਨੂੰ ਸਲਾਮ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਡਾ. ਬੀ.ਆਰ.ਅੰਬੇਦਕਰ ਦੀ ਤਸਵੀਰ ਹਰ ਸਰਕਾਰੀ ਦਫ਼ਤਰ ਵਿੱਚ ਲਾਜ਼ਮੀ ਕਰ ਦਿੱਤੀ ਹੈ ਤਾਂ ਜੋ ਦਫ਼ਤਰ ਜਾਂਦੇ ਹੀ ਹਰ ਵਿਅਕਤੀ ਉਨ੍ਹਾਂ ਨੂੰ ਪ੍ਰਣਾਮ ਕਰਦੇ ਹੋਏ ਉਨ੍ਹਾਂ ਵੱਲੋਂ ਗਰੀਬ, ਬੇਸਹਾਰਾ ਵਿਅਕਤੀ, ਔਰਤਾਂ ਦੀ ਦਸ਼ਾ ਨੂੰ ਸੁਧਾਰਣ ਲਈ ਕੀਤੇ ਗਏ ਕਾਰਜਾਂ ਨੂੰ ਯਾਦ ਕਰ ਸਕੇ। ਉਨ੍ਹਾਂ ਇਹ ਵੀ ਦੱਸਿਆ ਕਿ ਮੌਜੂਦਾ ਵਿਸ਼ਵ ਪ੍ਰਸਥਿਤੀਆਂ ਦਾ ਤਾਂ ਹੀ ਭਾਰਤੀ ਸਾਹਮਣਾ ਕਰ ਸਕਦਾ ਹੈ ਜੇ ਕਰ ਭਾਰਤੀ ਲੋਕਾਂ ਵਿੱਚ ਸਮਾਜਿਕ, ਆਰਥਿਕ ਬਰਾਬਰੀ ਅਤੇ ਧਰਮ ਨਿਰਪੱਖ ਸੋਚ ਵਿਕਸਿਤ ਹੋਵੇ। ਡਾ. ਭੀਮਇੰਦਰ ਸਿੰਘ ਚੇਅਰਮੈਨ ਸ਼ਹੀਦ ਕਰਤਾਰ ਸਿੰਘ ਸਰਾਭਾ ਚੇਅਰ ਨੇ ਵਿਸ਼ਵੀਕਰਨ ਦੇ ਇਤਿਹਾਸ ਬਾਰੇ ਦੱਸਦਿਆਂ ਕਿਹਾ ਕਿ ਭਾਰਤੀ ਸੰਵਿਧਾਨ ਦੀ ਖਾਸੀਅਤ ਹੈ ਕਿ ਇਹ ਭਾਰਤ ਵਾਸੀਆਂ ਨੂੰ ਆਪਣੇ ਹੱਕਾਂ ਨੂੰ ਅਜ਼ਾਦੀ ਨਾਲ ਮਾਨਣ ਦਾ ਅਿਕਾਰ ਦਿੰਦਾ ਹੈ।

ਪ੍ਰਿੰਸੀਪਲ ਡਾ. ਪਰਮਿੰਦਰ ਸਿੰਘ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆ ਕਿਹਾ ਅਤੇ ਵਿਦਿਆਰਥੀਆਂ ਨੂੰ ਡਾ. ਬੀ.ਆਰ.ਅੰਬੇਦਕਰ ਜੀ ਦੇ ਜੀਵਨ ਤੋਂ ਸੇਧ ਲੈ ਕੇ ਉਨ੍ਹਾਂ ਦੀਆਂ ਕਦਰਾਂ ਕੀਮਤਾਂ ਨੂੰ ਅਪਨਾਉਣ ਲਈ ਪ੍ਰੇਰਿਤ ਕੀਤਾ। ਡਾ: ਕੰਵਰ ਜਸਮਿੰਦਰਪਾਲ ਸਿੰਘ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ ਅਤੇ ਪ੍ਰੋਗਰਾਮ ਦੇ ਕਨਵੀਨਰ ਡਾ. ਦੀਪਿਕਾ ਰਾਜਪਾਲ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।

ਇਸ ਮੌਕੇ ਪ੍ਰੋ. ਇੰਦਰਜੀਤ ਸਿੰਘ ਚੀਮਾ, ਰੁਪਿੰਦਰ ਸਿੰਘ ਲਇਬ੍ਰੇਰੀਅਨ, ਡਾ. ਮਨਪ੍ਰੀਤ ਕੌਰ, ਅਸਿ.ਪ੍ਰੋ. ਯਸ਼ਪ੍ਰੀਤ ਸਿੰਘ ਤੋਂ ਇਲਾਵਾ ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

# ਨਾਭਾ ਵਿਖੇ ਵਿਸ਼ਵ ਸਿਹਤ ਦਿਵਸ ਮਨਾਇਆ ਗਿਆ

**ਨਾਭਾ,**
**-ਰੋਜ਼ਾਨਾ ਸਵੇਰਾ-**

ਸਿਵਲ ਸਰਜਨ ਪਟਿਆਲਾ ਡਾ. ਰਮਿੰਦਰ ਕੌਰ ਜੀ ਦੇ ਦਿਸ਼ਾ ਨਿਰਦੇਸ਼ਾ ਅਤੇ ਡਾ. ਸੰਜੇ ਗੋਇਲ ਸੀਨੀਅਰ ਮੈਡੀਕਲ ਅਫਸਰ, ਇੰਚਾਰਜ ਸਿਵਲ ਹਸਪਤਾਲ ਨਾਭਾ ਦੀ ਅਗਵਾਈ ਵਿੱਚ ਸਿਵਲ ਹਸਪਤਾਲ ਨਾਭਾ ਵਿਖੇ ਵਿਸ਼ਵ ਸਿਹਤ ਦਿਵਸ ਮਨਾਇਆ ਗਿਆ। ਇਸ ਮੌਕੇ ਡਾ. ਕੰਵਰਜੀਤ ਸਿੰਘ ਨੇ ਦੱਸਿਆ ਕਿ ਇਹ ਦਿਵਸ ਲੋਕਾਂ ਨੂੰ ਸਿਹਤਮੰਦ ਰੱਖਣ ਲਈ, ਸਿਹਤ ਨਾਲ ਸਬੰਧਤ ਮੁੱਦਿਆ ਅਤੇ ਸਮੱਸਿਆਵਾਂ ਦੇ ਹੱਲ ਪ੍ਰਤੀ ਜਾਗਰੁਕ ਕਰਨ ਲਈ ਸੰਸਾਰ ਦੇ ਕੋਨੇ ਕੋਨੇ ਵਿੱਚ ਮਨਾਇਆ ਜਾਂਦਾ ਹੈ ਤਾਂ ਜੋ ਆਪ ਸਿਹਤਮੰਦ ਰਹਿ ਕੇ, ਸਿਹਤਮੰਦ ਸਮਾਜ ਦੀ ਸਥਾਪਨਾ ਕੀਤੀ ਜਾ ਸਕੇ। ਉਹਨਾ ਅੱਗੇ ਕਿਹਾ ਕਿ ਅੱਜ ਦੇ ਸਮੇਂ ਦੁਨੀਆਂ ਦੇ ਬਹੁਤ ਸਾਰੇ ਲੋਕ, ਬਹੁਤ ਸਾਰੀਆਂ ਮਾਰੂ ਬਿਮਾਰੀਆਂ ਤੋਂ ਪੀੜਤ ਹਨ। ਇਹਨਾਂ ਤੋ ਬਚਣ ਦਾ ਇੱਕੋ ਇੱਕ ਹੱਲ ਸਵੇਰ ਦੀ ਸੈਰ, ਸ਼ਰੀਰਕ ਕਸਰਤ ਅਤੇ ਸੰਤੁਲਿਤ ਭੋਜਨ ਖਾਣਾ ਹੈ। ਡਾ. ਪ੍ਰਦੀਪ ਅਰੋੜਾ ਨੇ ਕਿਹਾ ਕਿ ਸਾਨੂੰ ਘਰ ਦੇ ਬਣੇ ਤਾਜਾ ਸੰਤੁਲਿਤ ਭੋਜਨ ਦੀ ਵਰਤੋਂ ਕਰਨੀ ਚਾਹੀਦੀ ਹੈ। ਮਿੱਠੀਆਂ, ਤਲੀਆਂ ਹੋਈਆਂ ਚੀਜਾਂ ਅਤੇ ਫਾਸਟ ਫੂਡ ਤੋਂ ਪਰਹੇਜ ਕਰਨਾ ਚਾਹੀਦਾ ਹੈ।

ਇਸ ਮੌਕੇ ਬੋਲਦਿਆ ਸ਼੍ਰੀ ਸਤਪਾਲ ਸਿੰਘ ਸਿਹਤ ਇੰਸਪੈਕਟਰ ਨੇ ਕਿਹਾ ਕਿ ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ ਸ਼ਰੀਰਕ, ਮਾਨਸਿਕ ਅਤੇ ਸਮਾਜਿਕ ਤੌਰ ਤੇ ਸਿਹਤਮੰਦ ਹੋਣਾ ਹੀ ਮਨੁੱਖ ਦੇ ਸਿਹਤਮੰਦ ਹੋਣ ਦੀ ਨਿਸ਼ਾਨੀ ਹੈ। ਉਹਨਾਂ ਕਿਹਾ ਕਿ ਸੰਸਾਰ ਪੱਧਰ ਤੇ ਹਰ ਸਾਲ ਵਿਸ਼ਵ ਸਿਹਤ ਦਿਵਸ ਕਿਸੇ ਥੀਮ ਹੇਠ ਮਨਾਇਆ ਜਾਂਦਾ ਹੈ।

# ਵਿਸ਼ਵ ਸਿਹਤ ਦਿਵਸ ਨੂੰ ਸਮਰਪਿਤ ਕੁਇਜ਼ ਮੁਕਾਬਲੇ ਕਰਵਾਏ


ਕੁਇਜ਼ ਮੁਕਾਬਲਿਆਂ ਦੀ ਜੇਤੂ ਟੀਮ ਨੂੰ ਸਰਟੀਫਿਕੇਟ ਪ੍ਰਦਾਨ ਕਰਦੇ ਡਾਇਰੈਕਟਰ ਪ੍ਰਿੰਸੀਪਲ ਡਾ. ਰਾਜਨ ਸਿੰਗਲਾ, ਨਾਲ ਹਨ ਐਮ. ਐਸ. ਡਾ. ਐਚ ਐਸ ਰੇਖੀ, ਐਸ. ਪੀ. ਐਮ. ਵਿਭਾਗ ਦੇ ਮੁਖੀ ਡਾ. ਸਿੰਮੀ ਓਬਰਾਏ ਤੇ ਹੋਰ ਸਟਾਫ ਮੈਂਬਰ।

**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਵਿਸ਼ਵ ਸਿਹਤ ਦਿਵਸ ਕੌਮਾਂਤਰੀ ਪੱਧਰ 'ਤੇ ਵੱਖ—ਵੱਖ ਥਾਵਾਂ 'ਤੇ ਮਨਾਇਆ ਗਿਆ ਤੇ ਸਿਹਤ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਇਸ ਵਾਰ ਵਿਸ਼ਵ ਸਿਹਤ ਦਿਵਸ ਦਾ ਥੀਮ 'ਹੈਲਥ ਫਾਰ ਆਲ' ਸੀ, ਜਿਸ ਤੋਂ ਭਾਵ ਹੈ ਕਿ ਸਭ ਲਈ ਸਿਹਤ। ਇਸੇ ਤਰ੍ਹਾਂ ਵਿਸ਼ਵ ਸਿਹਤ ਦਿਵਸ ਨੂੰ ਸਮਰਪਿਤ ਸਰਕਾਰੀ ਮੈਡੀਕਲ ਕਾਲਜ ਦੇ ਕਮਿਊਨਿਟੀ ਮੈਡੀਸਨ ਵਿਭਾਗ ਵਿਚ ਵਿਭਾਗ ਦੇ ਪ੍ਰੋਫੈਸਰ ਤੇ ਮੁਖੀ ਡਾ. ਸਿੰਮੀ ਓਬਰਾਏ ਦੀ ਅਗਵਾਈ ਵਿਚ ਕੁਇਜ਼ ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ। ਇਨ੍ਹਾਂ ਕੁਇਜ਼ ਮੁਕਾਬਲਿਆਂ ਵਿਚ ਮੈਡੀਕਲ ਕਾਲਜਾਂ ਦੇ ਕਈ ਵਿਦਿਆਰਥੀਆਂ ਨੇ ਭਾਗ ਗਿਆ। ਇਨ੍ਹਾਂ ਕੁਇਜ਼ ਮੁਕਾਬਲਿਆਂ ਦਾ ਫਾਈਨਲ ਰਾਊਂਡ ਬੀਤੇ ਦਿਨੀਂ ਹੋਇਆ, ਜਿਸ ਵਿਚ ਓਲਡ ਫਾਇਨਲ ਪ੍ਰੋਫ. ਦੇ ਵਿਦਿਆਰਥੀ ਰਾਮਜੀਤ ਸਿੰਘ ਵਰਮਾ, ਅਭਿਸ਼ੇਕ ਅਤੇ ਦਿਲਪ੍ਰੀਤ ਸਿੰਘ ਦੀ ਟੀਮ ਜੇਤੂ ਰਹੀ। ਜੇਤੂ ਟੀਮ ਨੂੰ ਸਰਕਾਰੀ ਮੈਡੀਕਲ ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਰਾਜਨ ਸਿੰਗਲਾ ਵਲੋਂ ਇਨਾਮ ਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਜੇਤੂ ਟੀਮ ਨੂੰ ਮੁਬਾਰਕਵਾਦ ਦਿੰਦਿਆਂ ਇਸ ਕਾਰਜ ਦੀ ਸ਼ਲਾਘਾ ਕੀਤੀ। ਡਾ. ਸਿੰਮੀ ਓਬਰਾਏ ਵਲੋਂ ਪ੍ਰਬੰਧਕਾਂ ਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਕੁਇਜ਼ ਮੁਕਾਬਲਿਆਂ ਦਾ ਸਮੁੱਚਾ ਪ੍ਰਬੰਧ ਡਾ. ਰੋਹਿਤ ਬਾਤਿਸ਼, ਡਾ. ਧਰਮਿੰਦਰ ਅਹੀਰ, ਡਾ. ਮੀਤਵਿੰਦਰ ਸਿੰਘ, ਡਾ. ਸਤਪਰਨਾ ਘੋਸ਼ ਵਲੋਂ ਬਾਖੂਬੀ ਕੀਤਾ ਗਿਆ। ਇਸ ਮੌਕੇ ਡਾ. ਐਚ. ਐਸ. ਰੇਖੀ ਮੈਡੀਕਲ ਸੁਪਰਡੰਟ ਰਜਿੰਦਰਾ ਹਸਪਤਾਲ ਪਟਿਆਲਾ, ਡਾ. ਵਿਨੋਦ ਡਾਂਗਵਾਲ, ਡਾ. ਰਾਜਿੰਦਰ ਸਿੰਘ ਬਲਗੀਰ, ਡਾ. ਰਵਿੰਦਰ ਖਹਿਰਾ ਆਦਿ ਹਾਜ਼ਰ ਸਨ।

# ਸੇਫ ਸਕੂਲ ਵਾਹਨ ਪਾਲਿਸੀ ਤਹਿਤ ਸਕੂਲੀ ਬੱਸਾਂ ਅਤੇ ਆਟੋ ਰਿਕਸ਼ਾ ਚਾਲਕਾਂ ਦੀ ਚੈਕਿੰਗ



**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਪਿਛਲੇ ਦਿਨਾਂ ਵਿੱਚ ਆਟੋ ਰਿਕਸ਼ਾ 'ਚ ਸਕੂਲ ਜਾਂਦੇ ਬੱਚਿਆਂ ਨਾਲ ਦੁਰਘਟਨਾਵਾਂ ਹੋਣ 'ਤੇ ਸਖਤ ਕਾਰਵਾਈ ਕਰਦਿਆਂ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਦੇ ਦਿਸ਼ਾ ਨਿਰਦੇਸ਼ਾਂ 'ਤੇ ਜ਼ਿਲ੍ਹਾ ਬਾਲ ਸੁਰੱਖਿਆ ਦੀ ਟੀਮ ਵੱਲੋਂ ਆਟੋ ਰਿਕਸ਼ਾ ਦੀ ਚੈਕਿੰਗ ਕੀਤੀ ਗਈ, ਜਿਸ 'ਚ ਓਵਰ ਲੋਡਿੰਗ ਅਤੇ ਗਲਤ ਦਿਸ਼ਾ 'ਚ ਚਲਦੇ ਆਟੋ ਰਿਕਸ਼ਾ ਦੇ ਚਲਾਨ ਕੀਤੇ ਗਏ। ਇਸ ਦੇ ਨਾਲ ਹੀ ਸੇਫ ਸਕੂਲ ਵਾਹਨ ਪਾਲਿਸੀ ਦੇ ਤਹਿਤ ਸਕੂਲ ਬੱਸਾਂ ਦੇ ਵੀ ਚਲਾਨ ਕੀਤੇ ਗਏ। ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਡਾ. ਸਾਇਨਾ ਕਪੂਰ ਨੇ ਦੱਸਿਆ ਕਿ ਸੇਫ ਸਕੂਲ ਵਾਹਨ ਪਾਲਿਸੀ ਦੇ ਨਿਯਮਾਂ ਨੂੰ ਪੂਰਾ ਕਰਨ ਸਬੰਧੀ ਸਕੂਲਾਂ ਨੂੰ ਸਮੇਂ ਸਮੇਂ 'ਤੇ ਨਿਰਦੇਸ਼ ਵੀ ਦਿੱਤੇ ਜਾਂਦੇ ਹਨ। ਬਾਲ ਸੁਰੱਖਿਆ ਨੂੰ ਮੁੱਖ ਰੱਖਦਿਆਂ ਹੋਇਆ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਜਿਹੜੀਆਂ ਸਕੂਲੀ ਬੱਸਾਂ ਵਿੱਚ ਬੱਚੇ ਸਫਰ ਕਰ ਰਹੇ ਹਨ ਉਹ ਸੇਫ ਸਕੂਲ ਵਾਹਨ ਪਾਲਿਸੀ ਮੁਤਾਬਕ ਨਿਯਮਾਂ ਨੂੰ ਪੂਰਾ ਕਰਦੀਆਂ ਹੋਣ। ਉਨ੍ਹਾਂ ਇਹ ਵੀ ਕਿਹਾ ਕਿ ਇਸ ਸਬੰਧੀ ਸਕੂਲਾਂ, ਆਟੋ ਰਿਕਸ਼ਾ ਚਾਲਕਾਂ ਅਤੇ ਬੱਚਿਆਂ ਦੇ ਮਾਤਾ ਪਿਤਾ ਨੂੰ ਵੀ ਸੁਚੇਤ ਹੋਣ ਦੀ ਜ਼ਰੂਰਤ ਹੈ ਕਿ ਉਹ ਆਪਣੇ ਬੱਚਿਆਂ ਨੂੰ ਇਨ੍ਹਾਂ ਓਵਰ ਲੋਡਿੰਡ ਵਾਹਨਾਂ ਜਾਂ ਫਿਰ ਨਿਯਮਾਂ ਦੀ ਉਲੰਘਣਾ ਕਰਦੇ ਵਾਹਨਾਂ ਵਿੱਚ ਸਕੂਲ ਨਾ ਭੇਜਣ।
ਇਸ ਮੌਕੇ ਟੀਮ 'ਚ ਬਾਲ ਸੁਰੱਖਿਆ ਅਫ਼ਸਰ (ਆਈ.ਸੀ) ਰੂਪਵੰਤ ਕੌਰ, ਏ.ਐਸ.ਆਈ. ਪ੍ਰਦੀਪ ਕੁਮਾਰ, ਅਮਰਜੀਤ ਸਿੰਘ, ਸੁਖਵਿੰਦਰ ਸਿੰਘ, ਗੁਰਚਰਨ ਸਿੰਘ ਅਤੇ ਸਿੱਖਿਆ ਵਿਭਾਗ ਤੋਂ ਇੰਦਰਪ੍ਰੀਤ ਸਿੰਘ ਵੀ ਮੌਜੂਦ ਸਨ।

# ਦੂਸਰੀ ਵਿਸ਼ਵ ਜੰਗ ਵਿੱਚ ਇਟਲੀ ਮੁਹਾਜ ਦੇ ਸਿੱਖ ਸੂਰਮੇ ਪੁਸਤਕ ਦੇ ਲੇਖਕ ਬਲਵਿੰਦਰ ਸਿੰਘ ਚਾਹਲ ਦਾ ਸਨਮਾਨ



**ਲੁਧਿਆਣਾ, 6 ਅਪ੍ਰੈਲ**
**-ਰੋਜ਼ਾਨਾ ਸਵੇਰਾ-**

ਦੂਸਰੀ ਵਿਸ਼ਵ ਜੰਗ ਵਿੱਚ ਇਟਲੀ ਮੁਹਾਜ ਦੇ ਸਿੱਖ ਸੂਰਮਿਆਂ ਬਾਰੇ ਲਿਖੀ ਮਹੱਤਵ ਪੂਰਨ ਖੋਜ ਪੁਸਤਕ ਦੇ ਲੇਖਕ ਯੂ ਕੇ ਵਾਸੀ ਬਲਵਿੰਦਰ ਸਿੰਘ ਚਾਹਲ ਅਤੇ ਉਨ੍ਹਾਂ ਦੀ ਜੀਵਨ ਸਾਥਣ ਗੁਰਪ੍ਰੀਤ ਕੌਰ ਚਾਹਲ ਨੂੰ ਪੰਜਾਬੀ ਲੋਕ ਵਿਰਾਸਤ ਅਕਾਡਮੀ ਵੱਲੋਂ ਸਨਮਾਨਿਤ ਕੀਤਾ ਗਿਆ।ਬਲਵਿੰਦਰ ਸਿੰਘ ਚਾਹਲ ਨੇ ਦੱਸਿਆ ਕਿ ਇਸ ਪੁਸਤਕ ਦੇ ਹੁਣ ਤੀਕ ਪੰਜਾਬੀ ਵਿੱਚ ਤਿੰਨ ਐਡੀਸ਼ਨ ਪ੍ਰਕਾਸ਼ਿਤ ਹੋ ਚੁਕੇ ਹਨ। ਯੋਰਪੀਅਨ ਪੰਜਾਬੀ ਸੱਥ ਦੇ ਮੋਢੀ ਸ. ਮੋਤਾ ਸਿੰਘ ਸਰਾਏ ਵੱਲੋਂ ਇਸ ਵੱਡ ਆਕਾਰੀ ਪੁਸਤਕ ਦਾ ਡਾ. ਸੁਸ਼ਮਿੰਦਰ ਕੌਰ ਮੁਖੀ, ਅੰਗਰੇਜ਼ੀ ਵਿਭਾਗ, ਜੀ ਜੀ ਐੱਨ ਖਾਲਸਾ ਕਾਲਿਜ ਲੁਧਿਆਣਾ ਵੱਲੋਂ ਕੀਤਾ ਅੰਗਰੇਜ਼ੀ ਅਨੁਵਾਦ ਤੇ ਸੁਭਾਸ਼ ਭਾਸਕਰ ਚੰਡੀਗੜ੍ਹ ਵੱਲੋਂ ਕੀਤਾ ਹਿੰਦੀ ਅਨੁਵਾਦ ਹਜ਼ਾਰਾਂ ਦੀ ਗਿਣਤੀ ਵਿੱਚ ਦੇਸ਼ ਬਦੇਸ਼ ਅੰਦਰ ਵੰਡਿਆ ਜਾ ਰਿਹਾ ਹੈ। ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ ? ਗੁਰਭਜਨ ਸਿੰਘ ਗਿੱਲ ਨੇ ਇਸ ਮੌਕੇ ਕਿਹਾ ਕਿ ਕਪੂਰਥਲਾ ਜ਼ਿਲ੍ਹੇ ਦੇ ਪਿੰਡ ਮਾਧੋਝੰਡਾ ਦੇ ਜੰਮ ਪਲ ਬਲਵਿੰਦਰ ਸਿੰਘ ਚਾਹਲ ਨੇ ਯੂ ਕੇ ਵੱਸਣ ਤੋਂ ਪਹਿਲਾਂ ਇਟਲੀ ਚ ਸੋਲਾਂ ਸਾਲ ਗੁਜ਼ਾਰੇ ਹਨ। ਉਥੇ ਸਿੰਘ ਸੂਰਮਿਆਂ ਦੀਆਂ ਥਾਂ ਥਾ ਬਣੀਆਂ ਯਾਦਗਾਰਾਂ ਨੇ ਉਸ ਨੂੰ ਇਤਿਹਾਸ ਫੋਲਣ ਤੇ ਲਿਖਣ ਦੀ ਪ੍ਰੇਰਨਾ ਦਿੱਤੀ। ਪੰਜ ਸਾਲ ਪਹਿਲਾਂ ਪਹਿਲੀ ਵਾਰ ਛਪੀ ਇਸ ਪੁਸਤਕ ਨੂੰ ਪ੍ਰੀਤ ਪਬਲੀਕੇਸ਼ਨ ਨਾਭਾ ਨੇ ਪਾਠਕਾਂ ਦੇ ਰੂ ਬ ਰੂ ਕਰਕੇ ਇਤਿਹਾਸਕ ਕਾਰਜ ਕੀਤਾ। ਪ੍ਰੋ ? ਗਿੱਲ ਨੇ ਕਿਹਾ ਕਿ ਬਲਵਿੰਦਰ ਕੇਵਲ ਇਤਿਹਾਸ ਲੇਖਕ ਹੀ ਨਹੀਂ ਸਗੋਂ ਯੌਰਪ ਚ ਵੱਸਦੇ ਪੰਜਾਬੀ ਲੇਖਕ ਭਾਈਚਾਰੇ ਨੂੰ ਇੱਕ ਲੜੀ ਵਿੱਚ ਪਰੋਣ ਦਾ ਕਾਰਜ ਸਾਹਿੱਤ ਸੁਰ ਸੰਗਮ ਇਟਲੀ ਵੱਲੋਂ ਕਰ ਚੁਕਾ ਹੈ। ਪਰਵਾਸੀ ਸਾਹਿੱਤ ਅਧਿਐਨ ਕੇਂਦਰ ਜੀ ਜੀ ਐੱਨ ਖਾਲਸਾ ਕਾਲਿਜ ਨਾਲ ਵੀ ਉਨ੍ਹਾਂ ਦੀ ਸੰਸਥਾ ਦਾ ਲਗਾਤਾਰ ਸੰਪਰਕ ਹੈ। ਬਲਵਿੰਦਰ ਸਿੰਘ ਚਾਹਲ ਤੇ ਉਨ੍ਹਾਂ ਦੀ ਜੀਵਨ ਸਾਥਣ ਗੁਰਪ੍ਰੀਤ ਕੌਰ ਨੂੰ ਰਵਿੰਦਰ ਸਿੰਘ ਭੱਠਲ ਸਾਬਕਾ ਪ੍ਰਧਾਨ ਪੰਜਾਬੀ ਸਾਹਿੱਤ ਅਕਾਡਮੀ, ਸਗੁਰਪ੍ਰੀਤ ਸਿੰਘ ਤੂਰ ਉੱਘੇ ਵਾਰਤਕ ਲੇਖਕ ਤੇ ਸੇਵਾ ਮੁਕਤ ਕਮਿਸ਼ਨਰ ਪੁਲੀਸ, ਜਗਦੀਸ਼ ਪਾਲ ਸਿੰਘ ਗਰੇਵਾਲ, ਸਰਪੰਚ ਪਿੰਡ ਦਾਦ(ਲੁਧਿਆਣਾ) ਤੇ ਗੁਰਭਜਨ ਸਿੰਘ ਗਿੱਲ ਨੇ ਸਨਮਾਨਿਤ ਕੀਤਾ।

# ਕੇ.ਐਸ. ਗਰੁੱਪ ਵੱਲੋਂ ਮੈਗਾ ਮੈਡੀਕਲ ਕੈਂਪ ਅਤੇ ਕੈਂਸਰ ਚੈਕਅੱਪ ਕੈਂਪ ਲਗਾਇਆ ਗਿਆ

## ਹਰ ਸਮਾਜ ਸੇਵੀ ਸੰਸਥਾ ਨੂੰ ਲੋਕਾਂ ਦੀ ਸੇਵਾ ਲਈ ਅੱਗੇ ਆਉਣ ਦੀ ਲੋੜ : ਡਿਪਟੀ ਕਮਿਸ਼ਨਰ ਸਯੰਮ ਅਗਰਵਾਲ

**ਮਾਲੇਰਕੋਟਲਾ,**
**-ਰੋਜ਼ਾਨਾ ਸਵੇਰਾ-**



ਕੇ.ਐਸ. ਗਰੁੱਪ ਦੇ ਕੇ.ਐਸ. ਚੈਰੀਟੇਬਲ ਟਰੱਸਟ ਵੱਲੋਂ ਕੇ.ਐਸ. ਐਗਰੀਕਲਚਰ ਇੰਡਸਟਰੀ ਪ੍ਰਾਇਵੇਟ ਲਿਮਟਿਡ ਵਿਖੇ ਮੈਗਾ ਮੈਡੀਕਲ ਕੈਂਪ ਅਤੇ ਕੈਂਸਰ ਚੈਕਅੱਪ ਕੈਂਪ ਲਗਾਇਆ ਗਿਆ, ਇਸ ਸਬੰਧੀ ਜਾਣਕਾਰੀ ਦਿੰਦਿਆਂ ਇੰਟਰਨੈਸ਼ਨਲ ਪੀਸ ਐਵਾਰਡੀ ਕੇ.ਐਸ ਗਰੁੱਪ ਦੇ ਚੇਅਰਮੈਨ ਇੰਦਰਜੀਤ ਸਿੰਘ ਮੁੰਡੇ ਨੇ ਦੱਸਿਆ ਕਿ ਅੱਜ ਦੇ ਕੈਂਪ 'ਚ ਵਰਲਡ ਕੈਂਸਰ ਕੇਅਰ ਸੈਂਟਰ ਦੇ ਵਿਸ਼ੇਸ਼ ਸਹਿਯੋਗ ਸਦਕਾ ਵੱਖ-ਵੱਖ ਬਿਮਾਰੀਆਂ ਦੇ 1100 ਦੇ ਕਰੀਬ ਲੋੜਵੰਦ ਮਰੀਜਾਂ ਦਾ ਚੈਕਅੱਪ ਕੀਤਾ ਗਿਆ ਅਤੇ ਲੋੜਵੰਦ ਮਰੀਜਾਂ ਨੂੰ ਦਵਾਈਆਂ, ਐਨਕਾਂ ਅਤੇ ਹੋਰ ਜ਼ਰੂਰੀ ਸਮਾਨ ਦਿੱਤਾ ਗਿਆ। ਇਸ ਕੈਂਪ ਦਾ ਉਦਘਾਟਨ ਮਾਲੇਰਕੋਟਲਾ ਤੋਂ ਡਿਪਟੀ ਕਮਿਸ਼ਨਰ ਸ੍ਰੀ ਸਯੰਮ ਅਗਰਵਾਲ ਵੱਲੋਂ ਕੀਤਾ ਗਿਆ, ਉਹਨਾ ਕੇ.ਐਸ. ਗਰੁੱਪ ਵੱਲੋਂ ਕੀਤੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਹਰ ਸਮਾਜ ਸੇਵੀ ਸੰਸਥਾ ਨੂੰ ਅੱਗੇ ਆਉਣਾ ਚਾਹੀਦਾ ਹੈ ਅਤੇ ਲੋੜਵੰਦਾਂ ਦੀ ਮਦਦ ਕਰਕੇ ਸਮਾਜ ਸੇਵਾ ਦਾ ਕੰਮ ਕਰਨਾ ਚਾਹੀਦਾ ਹੈ। ਇਸ ਮੌਕੇ ਵਰਲਡ ਕੈਂਸਰ ਕੇਅਰ ਸੈਂਟਰ ਦੀ ਟੀਮ ਦੇ ਡਾ. ਧਰਮਿੰਦਰ ਢਿਲੋਂ ਵੱਲੋਂ ਹਾਜ਼ਰ ਮਰੀਜਾਂ ਨੂੰ ਕੈਂਸਰ ਤੋਂ ਨਾ ਡਰਨ ਦੀ ਸਲਾਹ ਦਿੰਦਿਆ ਕਿਹਾ ਕਿ ਕੈਂਸਰ ਦਾ ਇਲਾਜ ਮੁੱਢਲੀਆਂ ਦੋ ਸਟੇਜਾਂ ਵਿੱਚ ਸੰਭਵ ਹੈ, ਇਸ ਲਈ ਸਾਨੂੰ ਇਸ ਬਿਮਾਰੀ ਤੋਂ ਡਰਨ ਦੀ ਥਾਂ ਸਮਾਂ ਰਹਿੰਦਿਆਂ ਲਗਾਏ ਜਾਂਦੇ ਕੈਂਪਾਂ ਵਿੱਚ ਚੈਕਅੱਪ ਕਰਵਾ ਕੇ ਆਪਣਾ ਇਲਾਜ ਸ਼ੁਰੂ ਕਰਵਾਉਣਾ ਚਾਹੀਦਾ ਹੈ। ਕੇ.ਐਸ. ਐਗਰੀਕਲਚਰ ਇੰਡਸਟਰੀ ਦੇ ਡਾਇਰੈਕਟਰ ਗੁਰਦੀਪ ਸਿੰਘ ਧੀਮਾਨ ਵੱਲੋਂ ਆਈਆਂ ਸਖ਼ਸ਼ੀਅਤਾਂ ਨੂੰ ਜੀ ਆਇਆ ਆਖਿਆ ਗਿਆ। ਇਸ ਮੌਕੇ 'ਤੇ ਸੰਤ ਕਰਨੈਲ ਸਿੰਘ ਡੇਰਾ ਮੁਖੀ ਝੱਮਟ, ਮਹੰਤ ਹਰਪਾਲ ਦਾਸ ਡੇਰਾ ਇਮਾਮਗੜ੍ਹ , ਡਾ. ਕਰਨਵੀਰ ਸਿੰਘ, ਡਾ. ਪ੍ਰਭਲੀਨ ਕੌਰ ਵੱਲੋਂ ਵੀ ਬਿਮਾਰੀਆਂ ਦੇ ਬਚਾਅ ਸਬੰਧੀ ਆਏ ਲੋਕਾਂ ਨੂੰ ਜਾਣਕਾਰੀ ਪ੍ਰਦਾਨ ਕੀਤੀ ਗਈ। ਇਸ ਮੌਕੇ ਕੇ.ਐਸ. ਗਰੁੱਪ ਦੇ ਸਮੂਹ ਅਹੁਦੇਦਾਰਾਂ ਵੱਲੋਂ ਆਈਆਂ ਸਖ਼ਸ਼ੀਅਤਾਂ ਦਾ ਸਨਮਾਨ ਕੀਤਾ ਗਿਆ। ਕੈਂਪ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਡਿਪਟੀ ਕਮਿਸ਼ਨਰ ਸਯੰਮ ਅਗਰਵਾਲ ਵੱਲੋਂ ਕੇ.ਐਸ. ਐਗਰੀਕਲਚਰ ਵਿੱਚ ਬੂਟੇ ਲਗਾਏ ਗਏ। ਇਸ ਮੌਕੇ 'ਤੇ ਦਸਮੇਸ਼ ਗਰੁੱਪ ਦੇ ਗਿਆਨੀ ਅਮਰ ਸਿੰਘ, ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਜ਼ਿਲ ਾ ਪ੍ਰਧਾਨ ਜਥੇਦਾਰ ਗੁਰਜੀਵਨ ਸਿੰਘ ਸਰੌਦ, ਪਿਆਰਾ ਸਿੰਘ ਮੁੰਡੇ, ਹਰਬੰਸ ਸਿੰਘ ਮੁੰਡੇ, ਕਰਮ ਸਿੰਘ ਮੁੰਡੇ, ਨਿਰਮਲ ਸਿੰਘ ਮੁੰਡੇ, ਧਰਮਿੰਦਰ ਸਿੰਘ ਮੁੰਡੇ, ਮਾ: ਚਰਨਦਾਸ ਸੌਂਦ, ਅਮਰਜੀਤ ਸਿੰਘ ਹੁੰਜਣ, ਵੈਦ ਮੋਹਨ ਲਾਲ, ਡਾ. ਗੁਲਸ਼ਨ ਠਾਕੁਰ, ਡਾ. ਬਿਪਨ ਚੌਧਰੀ, ਡਾ. ਅਰੁਣ ਯਾਦਵ, ਡਾ. ਮਨਦੀਪ, ਡਾ. ਸੁਲੱਭ ਨਾਗੋਰੀ, ਰਮਨਦੀਪ ਕੌਰ, ਡਾ. ਪ੍ਰਭਜੋਤ ਕੌਰ ਆਦਿ ਹਾਜ਼ਰ ਸਨ।

# ਹਰਿਆਣਾ 'ਚ ਬਿਨਾਂ ਸੈਸ਼ਨ ਤੋਂ ਸਵਾਲ ਪੁੱਛਣ ਦੇ ਸਿਸਟਮ ਤੋਂ ਨਾਰਾਜ਼ ਕੈਨੇਡੀਅਨ

## ਸਸਕੈਚਵਨ ਵਿੱਚ ਸੈਸ਼ਨ 65 ਦਿਨਾਂ ਤੱਕ ਚੱਲਦੇ ਹਨ, ਦੋਵੇਂ ਰਾਜ ਸੰਸਦੀ ਪਰੰਪਰਾਵਾਂ ਨੂੰ ਸਾਂਝਾ ਕਰਦੇ ਹਨ

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਕੈਨੇਡੀਅਨ ਵਿਧਾਇਕ ਹਰਿਆਣੇ ਦੇ ਵਿਧਾਇਕਾਂ ਨੂੰ ਮਿਲੇ ਬਿਨਾਂ ਸੈਸ਼ਨ ਦੇ ਸਵਾਲ ਪੁੱਛਣ ਦੇ ਹੱਕ ਤੋਂ ਘਬਰਾਏ ਨਜ਼ਰ ਆਏ। ਇਸ ਦੇ ਨਾਲ ਹੀ ਕੈਨੇਡਾ ਵਿੱਚ ਸ਼ੈਡੋ ਕੈਬਨਿਟ ਦੀ ਪ੍ਰਣਾਲੀ ਹਰਿਆਣੇ ਦੇ ਵਿਧਾਇਕਾਂ ਨੂੰ ਪ੍ਰਭਾਵਿਤ ਕਰਦੀ ਨਜ਼ਰ ਆ ਰਹੀ ਸੀ। ਸੋਮਵਾਰ ਨੂੰ ਹਰਿਆਣਾ ਨਿਵਾਸ 'ਤੇ ਵਿਧਾਨ ਸਭਾ ਸਪੀਕਰ ਗਿਆਨ ਚੰਦ ਗੁਪਤਾ ਦੀ ਪ੍ਰਧਾਨਗੀ ਹੇਠ ਹੋਈ ਕੈਨੇਡੀਅਨ ਸੂਬੇ ਸਸਕੈਚਵਨ ਅਤੇ ਹਰਿਆਣਾ ਵਿਧਾਨ ਸਭਾ ਦੀ ਵਿਸ਼ੇਸ਼ ਕਾਨਫਰੰਸ 'ਚ ਅਜਿਹੇ ਕਈ ਪ੍ਰਬੰਧ ਚਰਚਾ ਦਾ ਕੇਂਦਰ ਰਹੇ। ਇਸ ਕਾਨਫਰੰਸ ਦਾ ਆਯੋਜਨ ਹਰਿਆਣਾ ਵਿਧਾਨ ਸਭਾ ਅਤੇ ਸਸਕੈਚਵਨ ਵਿਧਾਨ ਸਭਾ ਵੱਲੋਂ ਵਿਧਾਨਕ ਤਜ਼ਰਬਿਆਂ, ਲੋਕਤਾਂਤਰਿਕ ਕਦਰਾਂ-ਕੀਮਤਾਂ 'ਤੇ ਆਧਾਰਿਤ ਵਿਰਾਸਤ ਅਤੇ ਸੰਸਦੀ ਕੰਮਕਾਜ ਦਾ ਗਿਆਨ ਸਾਂਝਾ ਕਰਨ ਲਈ ਕੀਤਾ ਗਿਆ ਸੀ। ਕਾਨਫਰੰਸ ਤੋਂ ਬਾਅਦ ਸਸਕੈਚਵਨ ਦੇ ਵਫ਼ਦ ਨੇ ਹਰਿਆਣਾ ਵਿਧਾਨ ਭਵਨ ਸਮੇਤ ਕੈਪੀਟਲ ਕੰਪਲੈਕਸ ਦਾ ਦੌਰਾ ਕੀਤਾ।ਸਸਕੈਚਵਨ ਵਿਧਾਨ ਸਭਾ ਦੇ ਸਪੀਕਰ ਰੈਂਡੀ ਵੀਕਸ ਨੇ ਕਿਹਾ ਕਿ ਉਨ੍ਹਾਂ ਦੀ ਵਿਧਾਨ ਸਭਾ ਦੇ ਸੈਸ਼ਨ ਦੇ ਦਿਨਾਂ ਦੀ ਲੰਬਾਈ ਪੱਕੇ ਤੌਰ 'ਤੇ ਨਿਸ਼ਚਿਤ ਹੈ। ਉੱਥੇ ਹਰ ਸਾਲ ਮੁੱਖ ਸੈਸ਼ਨ 25 ਦਿਨਾਂ ਤੱਕ ਚੱਲਦਾ ਹੈ, ਜੋ ਅਕਤੂਬਰ ਦੇ ਚੌਥੇ ਬੁੱਧਵਾਰ ਤੋਂ ਸ਼ੁਰੂ ਹੁੰਦਾ ਹੈ। ਬੁੱਧਵਾਰ ਨੂੰ ਸਿਰਫ ਇਸ ਸ਼ਰਤ 'ਤੇ ਟਾਲਿਆ ਜਾਂਦਾ ਹੈ ਕਿ ਚੋਣ ਕਮਿਸ਼ਨ ਨੇ ਇਸ ਦਿਨ ਆਮ ਚੋਣਾਂ ਦਾ ਸਮਾਂ ਤੈਅ ਕੀਤਾ ਹੈ। ਅਜਿਹੇ 'ਚ ਵੀਰਵਾਰ ਤੋਂ ਸੈਸ਼ਨ ਸ਼ੁਰੂ ਹੋ ਰਿਹਾ ਹੈ। ਬਜਟ ਸੈਸ਼ਨ ਵਿੱਚ 40 ਬੈਠਕਾਂ ਹੁੰਦੀਆਂ ਹਨ। ਇਸ ਤਰ੍ਹਾਂ ਸਦਨ ਦੀ ਕਾਰਵਾਈ ਸਾਲ ਵਿੱਚ ਕੁੱਲ 65 ਦਿਨ ਚੱਲਦੀ ਹੈ। ਹਫ਼ਤੇ ਵਿੱਚ 4 ਦਿਨ ਸੈਸ਼ਨ ਮੀਟਿੰਗਾਂ ਹੁੰਦੀਆਂ ਹਨ ਅਤੇ ਹਰ ਰੋਜ਼ ਕਾਰਵਾਈ ਲਈ ਸਿਰਫ਼ 3 ਘੰਟੇ ਨਿਸ਼ਚਿਤ ਕੀਤੇ ਜਾਂਦੇ ਹਨ।



ਦੂਜੇ ਪਾਸੇ ਹਰਿਆਣਾ ਵਿਧਾਨ ਸਭਾ ਦੇ ਸਪੀਕਰ ਗਿਆਨ ਚੰਦ ਗੁਪਤਾ, ਡਿਪਟੀ ਸਪੀਕਰ ਰਣਵੀਰ ਗੰਗਵਾ ਅਤੇ ਰਾਜ ਦੇ ਵਿਧਾਇਕਾਂ ਨੇ ਕੈਨੇਡੀਅਨ ਵਫ਼ਦ ਨਾਲ ਹਰਿਆਣਾ ਦੀਆਂ ਸੰਸਦੀ ਪਰੰਪਰਾਵਾਂ ਅਤੇ ਨਿਯਮਾਂ ਨੂੰ ਸਾਂਝਾ ਕੀਤਾ। ਵਿਧਾਨ ਸਭਾ ਦੇ ਸਪੀਕਰ ਗਿਆਨ ਚੰਦ ਗੁਪਤਾ ਨੇ ਹਰਿਆਣਾ ਵਿੱਚ ਈ-ਵਿਧਾਨ ਸਭਾ ਦੀ ਸਥਾਪਨਾ, ਨਵ ਸੇਵਾ ਕੇਂਦਰ, ਸੈਸ਼ਨ ਮੀਟਿੰਗਾਂ ਦਾ ਸਮਾਂ ਵਧਾਉਣ, ਡਰਾਅ ਪ੍ਰਣਾਲੀ, ਜ਼ੀਰੋ ਆਵਰ, 3 ਸਵਾਲ ਪੁੱਛਣ ਦੀ ਵਿਵਸਥਾ, ਸਰਕਾਰ ਨੂੰ 5 ਦਿਨ ਪਹਿਲਾਂ ਡਰਾਫਟ ਬਿੱਲ ਭੇਜਣਾ, ਕਾਰਵਾਈ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਲਾਈਵ ਟੈਲੀਕਾਸਟ 'ਤੇ, ਹਿੰਦੀ ਵਿਚ ਕੰਮ ਕਰਨਾ ਅਤੇ ਵਿਧਾਇਕਾਂ ਦੇ ਸਨਮਾਨ ਲਈ ਕੀਤੇ ਗਏ ਪ੍ਰਬੰਧ। ਉਨ੍ਹਾਂ ਲੋਕਤੰਤਰ ਦੀ ਮਜ਼ਬੂਤੀ ਲਈ ਆਪਸੀ ਸਦਭਾਵਨਾ ਨਾਲ ਕੰਮ ਕਰਨ ਦਾ ਸੱਦਾ ਵੀ ਦਿੱਤਾ। ਉਨ੍ਹਾਂ ਕਿਹਾ ਕਿ ਕਾਰਜਪਾਲਿਕਾ ਨੂੰ ਜ਼ਿੰਮੇਵਾਰ ਬਣਾਉਣਾ ਵਿਧਾਨ ਸਭਾ ਦੀ ਜ਼ਿੰਮੇਵਾਰੀ ਹੈ। ਇਸ ਦੇ ਲਈ ਵਿਧਾਨ ਸਭਾਵਾਂ ਦਾ ਪ੍ਰਭਾਵਸ਼ਾਲੀ ਹੋਣਾ ਜ਼ਰੂਰੀ ਹੈ। ਹਰਿਆਣਾ ਵਿਧਾਨ ਸਭਾ ਦੇ ਡਿਪਟੀ ਸਪੀਕਰ ਰਣਵੀਰ ਗੰਗਵਾ ਨੇ ਸਸਕੈਚਵਨ ਵਿਧਾਨ ਸਭਾ ਦੇ ਪ੍ਰਸ਼ਨ ਕਾਲ ਅਤੇ ਦਿਨਾਂ ਦੀ ਮਿਆਦ ਬਾਰੇ ਸਵਾਲ ਪੁੱਛੇ।

ਹਰਿਆਣਾ ਤੋਂ ਵਿਰੋਧੀ ਧਿਰ ਦੇ ਵਿਧਾਇਕ ਭਾਰਤ ਭੂਸ਼ਣ ਬੱਤਰਾ ਨੇ ਕਿਹਾ ਕਿ ਵਿਧਾਨ ਸਭਾ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਸਪੀਕਰ ਗਿਆਨ ਚੰਦ ਗੁਪਤਾ ਦੀ ਅਗਵਾਈ ਵਿਚ ਹਰਿਆਣਾ ਵਿਚ ਵੱਡੀ ਗਿਣਤੀ ਵਿਚ ਨਵੀਨਤਾਕਾਰੀ ਪ੍ਰਯੋਗ ਸ਼ੁਰੂ ਹੋਏ ਹਨ। ਉਨ੍ਹਾਂ ਦੇਸ਼ ਦੀ ਨਿਆਂ ਪ੍ਰਣਾਲੀ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ। ਬੱਤਰਾ ਨੇ ਕਿਹਾ ਕਿ ਵਿਧਾਨ ਸਭਾ ਸਪੀਕਰ ਨੇ ਸੂਬੇ ਦੇ ਵਿਧਾਇਕਾਂ ਨੂੰ ਹਰ ਮਹੀਨੇ ਸਰਕਾਰ ਨੂੰ 3 ਸਵਾਲ ਪੁੱਛਣ ਦਾ ਅਧਿਕਾਰ ਦੇ ਕੇ ਸਰਕਾਰ ਦੀ ਜਵਾਬਦੇਹੀ ਤੈਅ ਕੀਤੀ ਹੈ।

ਵਿਧਾਇਕ ਨਰਿੰਦਰ ਗੁਪਤਾ ਨੇ ਸਸਕੈਚਵਨ ਵਿੱਚ ਆਰਥਿਕ ਤੌਰ 'ਤੇ ਪਛੜੇ ਵਰਗਾਂ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਉਤਸੁਕਤਾ ਪ੍ਰਗਟਾਈ। ਉਨ੍ਹਾਂ ਭਾਰਤ ਵਿੱਚ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਵਿਕਾਸ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ।

ਵਿਧਾਇਕ ਸੀਮਾ ਤ੍ਰਿਖਾ ਨੇ ਭਾਰਤੀ ਸੰਸਕ੍ਰਿਤੀ ਵਿੱਚ ਰਾਮ ਦੇ ਆਦਰਸ਼ ਦੀ ਮਹੱਤਤਾ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਇਸ ਅਸਥਾਨ ਦੇ ਹਰ ਕਣ-ਕਣ ਵਿਚ ਅਤੇ ਹਰ ਵਿਅਕਤੀ ਦੀ ਜ਼ੁਬਾਨ 'ਤੇ ਰਾਮ ਦਾ ਨਿਵਾਸ ਹੈ, ਜਿਸ ਕਾਰਨ ਇਥੇ ਰਾਮ-ਰਾਮ ਕਹਿ ਕੇ ਨਮਸਕਾਰ ਵੀ ਕੀਤੀ ਜਾਂਦੀ ਹੈ । ਉਨ੍ਹਾਂ ਸਸਕੈਚਵਨ ਦੇ ਵਫ਼ਦ ਨੂੰ ਰਾਮ-ਰਾਮ ਕਹਿ ਕੇ ਸ਼ੁਭਕਾਮਨਾਵਾਂ ਵੀ ਦਿੱਤੀਆਂ। ਵਿਧਾਇਕ ਆਫਤਾਬ ਅਹਿਮਦ ਨੇ ਭਾਰਤ ਅਤੇ ਕੈਨੇਡਾ ਦੀਆਂ ਕਾਨੂੰਨੀ ਪ੍ਰਣਾਲੀਆਂ ਵਿੱਚ ਸਮਾਨਤਾਵਾਂ ਦਾ ਜ਼ਿਕਰ ਕੀਤਾ। ਵਿਧਾਇਕਾ ਗੀਤਾ ਭੁੱਕਲ ਨੇ ਸਸਕੈਚਵਨ ਵਿੱਚ ਮਹਿਲਾ ਵਿਧਾਇਕਾਂ, ਉੱਦਮੀਆਂ ਅਤੇ ਵਕੀਲਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਬਾਰੇ ਉਤਸੁਕਤਾ ਪ੍ਰਗਟਾਈ। ਉਨ੍ਹਾਂ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਲਈ ਰਾਖਵੇਂਕਰਨ ਸਬੰਧੀ ਵੀ ਜਾਣਕਾਰੀ ਮੰਗੀ। ਇਸ 'ਤੇ ਕੈਨੇਡੀਅਨ ਨੁਮਾਇੰਦਿਆਂ ਨੇ ਕਿਹਾ ਕਿ ਉਨ੍ਹਾਂ ਕੋਲ ਅਜਿਹੇ ਰਾਖਵੇਂਕਰਨ ਦੀ ਕੋਈ ਵਿਵਸਥਾ ਨਹੀਂ ਹੈ।

ਹਰਿਆਣਾ ਅਤੇ ਸਸਕੈਚਵਨ ਦੀ ਤੁਲਨਾ ਕਰਦਿਆਂ ਵਿਧਾਇਕ ਵਰੁਣ ਚੌਧਰੀ ਨੇ ਕਿਹਾ ਕਿ ਦੋਵਾਂ ਰਾਜਾਂ ਦੇ ਇਤਿਹਾਸ ਅਤੇ ਭੂਗੋਲ, ਜਨਸੰਖਿਆ ਅਤੇ ਵਿਕਾਸ ਢਾਂਚੇ ਵਿਚ ਬੁਨਿਆਦੀ ਅੰਤਰ ਹਨ। ਵਿਧਾਇਕ ਸਤਿਆਪ੍ਰਕਾਸ਼ ਜਾਰਵਤਾ ਨੇ ਕਿਹਾ ਕਿ ਸਸਕੈਚਵਨ ਰੁਜ਼ਗਾਰ ਪੈਦਾ ਕਰਨ ਦੇ ਖੇਤਰ ਵਿੱਚ ਸ਼ਲਾਘਾਯੋਗ ਕੰਮ ਕਰ ਰਿਹਾ ਹੈ, ਜਦਕਿ ਭਾਰਤ ਆਪਣੇ ਮਨੁੱਖੀ ਸਰੋਤ ਹੁਨਰ ਲਈ ਵਿਸ਼ਵ ਪ੍ਰਸਿੱਧ ਹੈ। ਇਸ ਲਈ ਦੋਵਾਂ ਰਾਜਾਂ ਦਰਮਿਆਨ ਬਿਹਤਰ ਤਾਲਮੇਲ ਕਰਕੇ ਆਪਸੀ ਹਿੱਤਾਂ ਨੂੰ ਅੱਗੇ ਵਧਾਇਆ ਜਾ ਸਕਦਾ ਹੈ। ਵਿਧਾਇਕ ਘਨਸ਼ਿਆਮ ਦਾਸ ਅਰੋੜਾ ਨੇ ਪੰਚਾਇਤੀ ਰਾਜ ਪ੍ਰਣਾਲੀ ਅਤੇ ਹਰਿਆਣਾ ਦੇ ਸ਼ਹਿਰੀ ਸਥਾਨਕ ਸਰਕਾਰਾਂ ਬਾਰੇ ਜਾਣਕਾਰੀ ਦਿੱਤੀ। ਇਸ ਸਬੰਧੀ ਉਨ੍ਹਾਂ ਸਸਕੈਚਵਨ ਵਿੱਚ ਜਨ ਪ੍ਰਤੀਨਿਧੀਆਂ ਦੀ ਸਥਿਤੀ ਅਤੇ ਪੰਚਾਇਤ ਅਤੇ ਸ਼ਹਿਰੀ ਬਾਡੀ ਵਿਭਾਗਾਂ ਵਿੱਚ ਔਰਤਾਂ ਦੀ ਸਥਿਤੀ ਬਾਰੇ ਸਵਾਲ ਵੀ ਪੁੱਛੇ। ਨਯਨਪਾਲ ਰਾਵਤ ਨੇ ਲੋਕ ਨੁਮਾਇੰਦਿਆਂ ਦੇ ਅਧਿਕਾਰਾਂ ਅਤੇ ਫਰਜ਼ਾਂ ਬਾਰੇ ਸੁਝਾਅ ਦਿੱਤੇ। ਉਨ੍ਹਾਂ ਕਿਹਾ ਕਿ ਸਾਡੇ ਸੰਵਿਧਾਨ ਨੇ ਲੋਕ ਨੁਮਾਇੰਦਿਆਂ ਨੂੰ ਵੱਖ-ਵੱਖ ਅਧਿਕਾਰ ਦਿੱਤੇ ਹਨ, ਇਸ ਲਈ ਉਨ੍ਹਾਂ ਨੂੰ ਲੋਕ ਸੇਵਾ ਨੂੰ ਆਪਣਾ ਫਰਜ਼ ਸਮਝ ਕੇ ਕੰਮ ਕਰਨਾ ਚਾਹੀਦਾ ਹੈ।

ਕਾਨਫਰੰਸ ਵਿੱਚ ਸਸਕੈਚਵਨ ਵਿਧਾਨ ਸਭਾ ਦੇ ਸਪੀਕਰ ਰੈਂਡੀ ਵੀਕਸ, ਵਿਧਾਨ ਸਭਾ ਦੇ ਮੈਂਬਰ ਵਾਰੇਨ ਕੇਡਿੰਗ, ਵਿਧਾਨ ਸਭਾ ਦੇ ਮੈਂਬਰ ਨਥਾਨੀਲ ਟੇਡ, ਅੰਤਰਰਾਸ਼ਟਰੀ ਸਬੰਧਾਂ ਦੇ ਨਿਰਦੇਸ਼ਕ ਸਕਾਟ ਹੰਟਰ, ਵਿਧਾਨਕਾਰ ਸਟਾਫ਼ ਆਇਰਿਸ ਲੈਂਗ, ਹਰਿਆਣਾ ਵਿਧਾਨ ਸਭਾ ਦੇ ਸਕੱਤਰ ਆਰ.ਕੇ. ਨੰਦਲ ਅਤੇ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।

# ਪੱਤਰਕਾਰਾਂ ਦੇ ਹਿੱਤ ਵਿਚ ਹਰਿਆਣਾ ਸਰਕਾਰ ਨੇ ਕੀਤਾ ਵੱਡਾ ਫੈਸਲਾ

## ਕੇਂਦਰ ਸਰਕਾਰ ਵੱਲੋਂ ਤੈਅ ਮਾਨਦੰਡਾਂ ਦੇ ਅਨੁਸਾਰ ਡੀਏ ਵਿਚ ਕੀਤਾ ਜਾਣ ਵਾਲਾ ਦੇ ਅਨੁਪਤਾ ਵਿਚ ਪੈਂਸ਼ਨ ਰਕਮ ਵਿਚ ਕੀਤਾ ਜਾਵੇਗਾ ਵਾਧਾ

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਹਰਿਆਣਾ ਸਰਕਾਰ ਨੇ ਪੱਤਰਕਾਰਾਂ ਦੇ ਹਿੱਤ ਵਿਚ ਇਕ ਹੋਰ ਫੈਸਲਾ ਲੈਂਦੇ ਹੋਏ ਪੱਤਰਕਾਰ ਪੈਂਸ਼ਨ ਯੋਜਨਾ ਦੇ ਤਹਿਤ ਸੂਬੇ ਦੇ 60 ਸਾਲ ਤੋਂ ਵੱਧ ਉਮਰ ਦੇ ਮਾਨਤਾ ਪ੍ਰਾਪਤ ਮੀਡੀਆ ਕਰਮਚਾਰੀਆਂ ਨੂੰ ਮਿਲਣ ਵਾਲੀ ਪੈਂਸ਼ਨ ਰਕਮ ਵਿਚ ਵਾਧਾ ਕੀਤਾ ਹੈ। ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਇਸ ਸਬੰਧ ਦੇ ਪ੍ਰਸਤਾਵ ਨੂੰ ਅੱਜ ਮੰਜੂਰੀ ਪ੍ਰਦਾਨ ਕਰ ਦਿੱਤੀ ਹੈ।

ਮੁੱਖ ਮੰਤਰੀ ਦੇ ਵਧੀਕ ਪ੍ਰਧਾਨ ਸਕੱਤਰ ਅਤੇ ਸੂਚਨਾ, ਜਨ ਸੰਪਰਕ, ਭਾਸ਼ਾ ਅਤੇ ਸਭਿਆਚਾਰ ਵਿਭਾਗ ਦੇ ਮਹਾਨਿਦੇਸ਼ਕ ਡਾ. ਅਮਿਤ ਅਗਰਵਾਲ ਨੇ ਦਸਿਆ ਕਿ ਪੈਂਸ਼ਨ ਰਕਮ ਵਿਚ ਸਾਲਾਨਾ ਵਾਧਾ ਦੇ ਪ੍ਰਸਤਾਵ ਨੂੰ ਵੀ ਮੁੱਖ ਮੰਤਰੀ ਨੇ ਮੰਜੂਰੀ ਪ੍ਰਦਾਨ ਕਰ ਦਿੱਤੀ ਹੈ। ਹੁਣ ਕੇਂਦਰ ਸਰਕਾਰ ਵੱਲੋਂ ਤੈਅ ਮਾਨਦੰਡਾਂ ਦੇ ਅਨੁਸਾਰ ਡੀਏ ਵਿਚ ਕੀਤਾ ਜਾਣ ਵਾਲਾ ਵਾਧੇ ਦੇ ਅਨੁਪਾਤ ਵਿਚ ਪੱਤਰਕਾਰਾਂ ਦੀ ਪੈਂਸ਼ਨ ਰਕਮ ਵਿਚ ਵਾਧਾ ਕੀਤਾ ਜਾਵੇਗਾ।

ਉਨ੍ਹਾਂ ਨੇ ਕਿਹਾ ਕਿ 26 ਅਕਤੂਬਰ, 2017 ਨੂੰ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਪੱਤਰਕਾਰ ਪੈਂਸ਼ਨ ਯੋਜਨਾ ਦੀ ਸ਼ੁਰੂਆਤ ਕੀਤੀ ਸੀ। ਇਸ ਯੋਜਨਾ ਦੇ ਤਹਿਤ 60 ਸਲਾ ਤੋਂ ਵੱਧ ਉਮਰ ਦੇ ਮਾਨਤਾ ਪ੍ਰਾਪਤ ਮੀਤੀਆ ਕਰਮਚਾਰੀਆਂ ਨੂੰ ਮਹੀਨਾ ਪੈਂਸ਼ਨ ਦਿੱਤੀ ਜਾ ਰਹੀ ਹੈ। ਇਸ ਯੋਜਨ ਦੇ ਲਈ ਯੋਗਤਾ ਮਾਨਦੰਡ ਦੇ ਅਨੁਸਾਰ ਪੱਤਰਕਾਰਾਂ ਨੂੰ 20 ਸਾਲ ਦਾ ਤਜਰਬਾ ਅਤੇ 5 ਸਾਲ ਦੇ ਸਮੇਂ ਲਈ ਹਰਿਆਣਾ ਸਰਕਾਰ ਤੋਂ ਮਾਨਤਾ ਪ੍ਰਾਪਤ ਹੋਣਾ ਜਰੂਰੀ ਹੈ।

ਡਾ. ਅਗਰਵਾਲ ਨੇ ਕਿਹਾ ਕਿ ਹਰਿਆਣਾ ਇਕ ਮੀਡੀਆ ਮੈਤਰੀ ਰਾਜ ਹੈ ਅਤੇ ਮੁੱਖ ਮੰਤਰੀ ਪੱਤਰਕਾਰਾਂ ਦੇ ਹਿੱਤਾਂ ਲਈ ਲਗਾਤਾਰ ਨਵੀਂ ਯੋਜਨਾਵਾਂ ਲਾਗੂ ਕਰ ਰਹੀ ਹੈ। ਪੱਤਰਕਾਰਾਂ ਨੂੰ ਪੈਂਸ਼ਨ ਪ੍ਰਾਦਨ ਕਰਨ ਦੀ ਕਾਫੀ ਲੰਬੇ ਸਮੇਂ ਤੋਂ ਮੰਗ ਚੁੱਕੀ ਜਾ ਰਹੀ ਸੀ, ਜਿਸ ਨੂੰ ਮੌਜੂਦਾ ਰਾਜ ਸਰਕਾਰ ਨੇ ਪੂਰਾ ਕੀਤਾ। ਇਸ ਤੋਂ ਇਲਾਵਾ ਪੱਤਰਕਾਰਾਂ ਦੇ ਲਈ ਬੀਮਾ ਯੋਜਨਾ ਹਰਿਆਣਾ ਟ੍ਰਾਂਸਪੋਰਟ ਬੱਸਾਂ ਵਿਚ ਫਰੀ ਯਾਤਰਾ ਦੀ ਸਹੂਲਤ ਦੇਣ ਦੇ ਨਾਲ-ਨਾਲ ਹਰ ਜਿਲ੍ਹੇ ਵਿਚ ਮੀਡੀਆ ਕੇਂਦਰ ਵੀ ਸਥਾਪਿਤ ਕੀਤੇ ਹਨ, ਤਾਂ ਜੋ ਮੀਡੀਆ ਪਰਸਨਸ ਬਿਨ੍ਹਾਂ ਕਿਸੇ ਅਸਹੂਲਤ ਦੇ ਆਪਣੀ ਜਿਮੇਵਾਰੀਆਂ ਨੂੰ ਨਿਭਾਉਣ।

# ਪੰਜਾਬ ਸਰਕਾਰ ਨੇ ਮਹਿਜ 9 ਹਜਾਰ ਰੁਪਏ ਦੇ ਕੇ ਕੀਤਾ ਕਿਸਾਨਾਂ ਨਾਲ ਕੋਝਾ ਮਜਾਕ: ਅਸ਼ਵਨੀ ਸ਼ਰਮਾ

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**



ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਪੰਜਾਬ ਦੇ ਕਿਸਾਨਾਂ ਨੂੰ ਭਾਰੀ ਮੀਂਹ, ਗੜੇਮਾਰੀ ਅਤੇ ਝੱਖੜ ਕਾਰਨ ਬਰਬਾਦ ਅਤੇ ਨੁਕਸਾਨੀ ਫਸਲ ਨੂੰ ਲੈ ਕੇ ਸਬਰ ਰੱਖਣ ਦੀ ਨਸੀਹਤ ਦਿੰਦਿਆਂ ਕਿਹਾ ਕਿ ਪੰਜਾਬ ਦੇ ਕਿਸਾਨ ਭਰਾਵੋ ਚਿੰਤਾ ਨਾ ਕਰੋ, ਕੇਂਦਰੀ ਖਰੀਦ ਏਜੰਸੀਆਂ ਉਨ੍ਹਾਂ ਦੀ ਕਣਕ ਦੀ ਫਸਲ ਦਾ ਇੱਕ-ਇੱਕ ਦਾਣਾ ਖਰੀਦ ਲੈਣਗੀਆਂ, ਇਸ ਲਈ ਮੈਂ ਲਗਾਤਾਰ ਕੇਂਦਰ ਸਰਕਾਰ ਦੇ ਸੰਪਰਕ ਵਿੱਚ ਹਾਂ।

ਅਸ਼ਵਨੀ ਸ਼ਰਮਾ ਨੇ ਆਪਣੇ ਪ੍ਰੈਸ ਬਿਆਨ ਵਿੱਚ ਕਿਹਾ ਕਿ ਪੰਜਾਬ ਵਿੱਚ ਮੌਸਮ ਵਿੱਚ ਆਈ ਤਬਦੀਲੀ ਕਾਰਨ ਕਿਸਾਨਾਂ ਦੀਆਂ ਫਸਲਾਂ ਦੇ ਹੋਏ ਨੁਕਸਾਨ ਬਾਰੇ ਉਨ੍ਹਾਂ ਕੇਂਦਰ ਸਰਕਾਰ ਨੂੰ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਹੈ ਅਤੇ ਉਨ੍ਹਾਂ ਨੂੰ ਆਸ ਹੈ ਕਿ ਕਣਕ ਦੀ ਖਰੀਦ ਜਲਦ ਹੀ ਸ਼ੁਰੂ ਹੋ ਜਾਵੇਗੀ। ਕੇਂਦਰ ਦੀ ਮੋਦੀ ਸਰਕਾਰ ਗੁਣਵੱਤਾ ਵਿੱਚ ਰਿਆਇਤ ਲਈ ਇੱਕ-ਦੋ ਦਿਨਾਂ ਵਿੱਚ ਐਲਾਨ ਕਰ ਦੇਵੇਗੀ।

ਅਸ਼ਵਨੀ ਸ਼ਰਮਾ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਨੂੰ ਕੋਸਦੇ ਹੋਏ ਕਿਹਾ ਕਿ ਇਹ ਪੰਜਾਬ ਸਰਕਾਰ ਕਿਸਾਨਾਂ ਦੀਆਂ ਸਮੱਸਿਆਵਾਂ ਪ੍ਰਤੀ ਬਿਲਕੁਲ ਵੀ ਗੰਭੀਰ ਨਹੀਂ ਹੈ। ਇਸ ਗੱਲ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਪਿਛਲੇ ਦਿਨੀਂ ਉੱਤਰੀ ਭਾਰਤ ਸਮੇਤ ਪੰਜਾਬ ਵਿੱਚ ਹੋਈ ਬੇਮੌਸਮੀ ਬਰਸਾਤ ਕਾਰਨ ਜਿੱਥੇ ਪੰਜਾਬ ਵਿੱਚ ਕਿਸਾਨਾਂ ਦੀ ਕਣਕ ਦੀ ਫ਼ਸਲ ਬਰਬਾਦ ਹੋ ਗਈ, ਉੱਥੇ ਹੀ ਇਸ ਦੀ ਗੁਣਵੱਤਾ ਵੀ ਖ਼ਰਾਬ ਹੋ ਗਈ ਹੈ, ਜਿਸ ਬਾਰੇ ਹਰ ਕੋਈ ਜਾਣੂ ਹੈ। ਪਰ ਕਿਸਾਨ ਹਿਤੈਸ਼ੀ ਹੋਣ ਦਾ ਢੌਂਗ ਕਰਨ ਵਾਲੇ ਸਾਡੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਸਾਨਾਂ ਦੀਆਂ ਫਸਲਾਂ ਦਾ ਮੁਆਵਜ਼ਾ ਦੇਣ ਦਾ ਐਲਾਨ ਕਰਕੇ ਮੁਆਵਜ਼ੇ ਦੇ ਨਾਂ 'ਤੇ ਕਿਸਾਨਾਂ ਨਾਲ ਕੋਝਾ ਮਜ਼ਾਕ ਕੀਤਾ ਹੈ।

# ਗਰੀਬ ਜ਼ਰੂਰਤਮੰਦਾਂ ਦਾ ਸਰਕਾਰ 'ਤੇ ਪਹਿਲਾ ਹੱਕ : ਮੁੱਖ ਮੰਤਰੀ

**ਚੰਡੀਗੜ੍ਹ, 10 ਅਪ੍ਰੈਲ**
**-ਸ਼ਿਵ ਨਰਾਇਣ ਜਾਂਗੜਾ-**
**-ਪ੍ਰੈਸ ਕੀ ਤਾਕਤ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਸੂਬਾ ਸਰਕਾਰ ਗਰੀਬ ਤੇ ਜਰੂਰਤਮੰਦਾਂ ਦੀ ਸਰਕਾਰ ਹੈ। ਅਸੀਂ ਉਨ੍ਹਾਂ ਦੀ ਭਲਾਈ ਲਈ ਲਗਾਤਾਰ ਕੰਮ ਕਰ ਰਹੇ ਹਨ। ਇੰਨ੍ਹਾਂ ਦਾ ਸਰਕਾਰ 'ਤੇ ਪਹਿਲਾ ਹੱਕ ਹੈ ਅਤੇ ਸੂਬਾ ਸਰਕਾਰ ਭਲਾਈਕਾਰੀ ਯੋਜਨਾਵਾਂ ਦਾ ਲਾਭ ਹਰ ਯੋਗ ਵਿਅਕਤੀ ਤਕ ਪਹੁੰਚਾਉਣਾ ਯਕੀਨੀ ਕਰ ਰਹੀ ਹੈ। ਇਸ ਦਾ ਸੱਭ ਤੋਂ ਵੱਡਾ ਉਦਾਹਰਣ ਇਹ ਹੈ ਕਿ ਪਰਿਵਾਰ ਪਹਿਚਾਣ ਪੱਤਰ ਵਿਚ ਆਮਦਨ ਨਾਲ ਸਬੰਧਿਤ ਗਲਤੀਆਂ ਦੇ ਕਾਰਨ ਜਿਨ੍ਹਾਂ ਪਰਿਵਾਰਾਂ ਦੇ ਰਾਸ਼ਨ ਕਾਰਡ ਕੱਟ ਗਏ ਸਨ, ਉਨ੍ਹਾਂ ਵਿੱਚੋਂ 2.30 ਲੱਖ ਪਰਿਵਾਰਾਂ ਦੇ ਰਾਸ਼ਨ ਕਾਰਡ ਮੁੜ ਬਣਾਏ ਗਏ ਹਨ।

ਸੰਵਾਦ ਪ੍ਰੋਗ੍ਰਾਮ ਦੌਰਾਨ ਲਾਭਕਾਰਾਂ ਨੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਸਰਕਾਰ ਦੀ ਪਾਰਦਰਸ਼ੀ ਨੀਤੀ ਨਾਲ ਯੋਗ ਨਾਗਰਿਕ ਨੂੰ ਯੋਜਨਾਵਾਂ ਦਾ ਲਾਭ ਮਿਲ ਰਿਹਾ ਹੈ। ਲਾਭਕਾਰਾਂ ਨੇ ਕਿਹਾ ਕਿ ਰਾਸ਼ਨ ਕਾਰਡ ਕੱਟਣ 'ਤੇ ਸ਼ਿਕਾਇਤ ਦਰਜ ਕਰਾਉਣ 'ਤੇਜਿਸ ਤਰ੍ਹਾ ਤੁਰੰਤ ਕਾਰਵਾਈ ਕਰ ਉਨ੍ਹਾਂ ਦੇ ਰਾਸ਼ਨ ਕਾਰਡ ਮੁੜ ਬਣਾਏ ਗਏ, ਉਸ ਨਾਲ ਸਰਕਾਰ ਦੀ ਨਾਗਰਿਕਾਂ ਦੇ ਪ੍ਰਤੀ ਜਵਾਬਦੇਹੀ ਅਤੇ ਸੰਵੇਦਨਸ਼ੀਲਤਾ ਨੂੰ ਦਰਸ਼ਾਉਂਦਾ ਹੈ। ਹੁਣ ਸਾਨੂੰ ਲਗਦਾ ਹੈ ਕਿ ਸਾਡੀ ਚਿੰਤਾ ਕਰਨ ਵਾਲੀ ਵੀ ਸਾਡੀ ਹੀ ਸਰਕਾਰ ਹੈ।

ਮੁੱਖ ਮੰਤਰੀ ਨੇ ਅਪੀਲ ਕੀਤੀ ਕਿ ਜਿਨ੍ਹਾਂ ਪਰਿਵਾਰਾਂ ਦੀ ਆਰਥਕ ਰੂਪ ਤੋਂ ਸਪੰਨ ਹੋ ਜਾਣ, ਅਜਿਹੇ ਪਰਿਵਾਰ ਆਪਣੀ ਇੱਛਾ ਨਾਲ ਸਰਕਾਰੀ ਲਾਭ ਨੂੰ ਛੱਡ ਦੇਣ, ਤਾਂ ਜੋ ਜਰੂਰਤਮੰਦ ਪਰਿਵਾਰ ਨੂੰ ਇਸ ਦਾ ਲਾਭ ਮਿਲ ਸਕੇ। ਇਸ ਅਪੀਲ ਦਾ ਅਸਰ ਉਸ ਸਮੇਂ ਦੇਖਣ ਨੂੰ ਮਿਲਿਆ ਜਦੋਂ ਅੰਬਾਲਾ ਨਿਵਾਸੀ ਅਜੈ ਕੁਮਾਰ, ਜੋ ਪੇਸ਼ੇ ਤੋਂ ਮੈਕੇਨਿਕ ਹਨ, ਨੇ ਕਿਹਾ ਕਿ ਜਿਸ ਦਿਨ ਉਸ ਦੀ ਆਮਦਨ 1 ਲੱਖ 80 ਹਜਾਰ ਰੁਪਏ ਤੋਂ ਵੱਧ ਹੋ ਜਾਵੇਗੀ, ਉਸੀ ਦਿਨ ਇਹ ਖੁਦ ਹੀ ਸਰਕਾਰ ਤੋਂ ਮਿਲਣ ਵਾਲੇ ਸਾਰੇ ਲਾਭ ਛੱਡ ਦੇਣਗੇ।

ਇਕ ਹੋਰ ਲਾਭਕਾਰ ਪਿੰਡ ਪਿਚੌਪਾ ਖੁਰਦ, ਜਿਲ੍ਹਾ ਚਰਖੀ ਦਾਦਰੀ ਨਿਵਾਸੀ ਦਲੀਪ ਸਿੰਘ ਨੇ ਦਸਿਆ ਕਿ ਉਨ੍ਹਾਂ ਦਾ ਬੀਪੀਐਲ ਕਾਰਡ ਤਾਂ ਬਣ ਗਿਆ, ਪਰ ਆਯੂਸ਼ਮਾਨ ਕਾਰਡ ਨਹੀਂ ਬਣਿਆ ਹੈ। ਇਸ 'ਤੇ ਮੁੱਖ ਮੰਤਰੀ ਨੇ ਤੁਰੰਤ ਚਰਖੀ ਦਾਦਰੀ ਦੇ ਡਿਪਟੀ ਕਮਿਸ਼ਨਰ ਨੂੰ ਸਬੰਧਿਤ ਦਾ ਆਯੂਸ਼ਮਾਨ ਕਾਰਡ ਬਨਾਉਣ ਦੇ ਨਿਰਦੇਸ਼ ਦਿੱਤੇ। ਇਸੀ ਤਰ੍ਹਾ, ਪ੍ਰੇਮ ਨਗਰ, ਹਿਸਾਰ ਨਿਵਾਸੀ ਭੀਮ ਸਿੰਘ ਨੇ ਵੀ ਆਪਣੇ ਬੀਪੀਐਲ ਕਾਰਡ ਮੁੜ ਬਨਾਉਣ 'ਤੇ ਮੁੱਖ ਮੰਤਰੀ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਹੁਣ ਗਰੀਬਾਂ ਦੀ ਚੰਗੀ ਸੁਣਵਾਈ ਹੋਣ ਲੱਗੀ ਹੈ।

**ਸਾਢੇ 12 ਲੱਖ ਨਵੇਂ ਰਾਸ਼ਨ ਕਾਰਡ ਬਣਾਏ**

ਮੁੱਖ ਮੰਤਰੀ ਨੇ ਕਿਹਾ ਕਿ ਸਾਡੇ ਕੋਲ ਸ਼ਿਕਾਇਛਾਂ ਆਉਂਦੀਆਂ ਸਨ ਕਿ ਯੋਗ ਲੋਕਾਂ ਦੇ ਰਾਸ਼ਨ ਕਾਰਡ ਨਹੀਂ ਬਣੇ ਹਨ ਅਤੇ ਅਯੋਗ ਲੋਕ ਕਈ ਤਰ੍ਹਾ ਦੇ ਲਾਭ ਲੈਂਦੇ ਹਨ। ਇਸ ਦੇ ਲਈ ਮੌਜੂਦਾ ਰਾਜ ਸਰਕਾਰ ਨੇ ਇਕ ਨਵਾਂ ਪ੍ਰਯੋਗ ਸ਼ੁਰੂ ਕੀਤਾ ਅਤੇ ਸੂਬੇ ਦੇ ਲਗਭਗ 72 ਲੱਖ ਪਰਿਵਾਰਾਂ ਦਾ ਪਰਿਵਾਰ ਪਹਿਚਾਣ ਪੱਤਰ ਬਣਾਇਆ। ਕਈ ਟੀਮਾਂ ਲਗਾ ਕੇ ਪਰਿਵਾਰਾਂ ਦਾ ਸਰਵੇ ਕਰਾਇਆ। ਇੰਨ੍ਹਾਂ ਹੀ ਨਹੀਂ, ਪਹਿਲਾਂ ਬੀਪੀਐਲ ਦੀ ਆਮਦਨ ਯੋਗਤਾ ਸੀਮਾ 1 ਲੱਖ 20 ਹਜਾਰ ਰੁਪਏ ਸਾਲਾਨਾ ਹੁੰਦੀ ਸੀ, ਜਿਸ ਨੂੰ ਅਸੀਂ ਵਧਾ ਕੇ 1 ਲੱਖ 80 ਹਜਾਰ ਰੁਪਏ ਕੀਤਾ। ਇੰਨ੍ਹਾਂ ਸੱਭ ਪ੍ਰਕ੍ਰਿਆਵਾਂ ਦੇ ਬਾਅਦ ਪਰਿਵਾਰ ਪਹਿਚਾਣ ਪੱਤਰ ਰਾਹੀਂ ਆਟੋਮੇਟਿਕ ਰਾਸ਼ਨ ਕਾਰਡ ਬਨਾਉਣ ਦੀ ਪ੍ਰਕ੍ਰਿਆ ਸ਼ੁਰੂ ਕੀਤੀ ਅਤੇ ਜਨਵਰੀ ਮਹੀਨੇ ਵਿਚ ਲਗਭਗ ਸਾਢੇ 12 ਲੱਖ ਨਵੇਂ ਰਾਸ਼ਨ ਕਾਰਡ ਬਣੇ ਹਨ। ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਨੇ ਖਾਕੀ ਰਾਸ਼ਨ ਕਾਰਡ ਯਾਨੀ ਓਪੀਐਚ ਸ਼੍ਰੇਣੀ ਨੂੰ ਖਤਮ ਕਰ ਇਸ ਨੂੰ ਵੀ ਬੀਪੀਐਲ ਕਾਰਡ ਦੀ ਸ਼੍ਰੇਣੀ ਵਿਚ ਜੋੜ ਲਿਆ। ਹੁਣ ਸਿਰਫ ਯੋਗ ਲੋਕਾਂ ਨੂੰ ਹੀ ਸਰਕਾਰੀ ਸਹੂਲਤਾਂ ਦਾ ਲਾਭ ਮਿਲ ਰਿਹਾ ਹੈ।

**ਸਾਡੀ ਨੀਤੀ ਅਤੇ ਨੀਅਤ ਸਾਫ ਹੈ**

ਸ੍ਰੀ ਮਨੋਹਰ ਲਾਲ ਨੈ ਕਿਹਾ ਕਿ ਹੌਲੀ-ਹੌਲੀ ਇਹ ਵੀ ਧਿਆਨ ਵਿਚ ਆਇਆ ਕਿ ਕੁੱਝ ਪਰਿਵਾਰ ਜੋ ਪਹਿਲਾਂ ਬੀਪੀਐਲ ਸ਼੍ਰੇਣੀ ਵਿਚ ਸਨ, ਉਹ ਪਰਿਵਾਰ ਸਪੰਨ ਹੋ ਗਏ।

ਕੁੱਝ ਪਰਿਵਾਰ ਅਜਿਹੇ ਮਿਲੇ ਜਿਨ੍ਹਾਂ ਦੇ ਪਰਿਵਾਰ ਵਿਚ ਕਿਸੇ ਨਾ ਕਿਸੇ ਮੈਂਬਰ ਨੂੰ ਨੌਕਰੀ ਮਿਲ ਗਈ ਅਤੇ ਕੁੱਝ ਪਰਿਵਾਰਾਂ ਨੇ ਪਿਛਲੇ 3 ਸਾਲ ਵਿਚ ਇੰਕਮ ਟੈਕਸ ਰਿਟਰਨ ਭਰੀ ਹੈ ਅਤੇ ਇੰਕਮ ਟੈਕਸ ਦਾ ਭੁਗਤਾਨ ਕੀਤਾ ਹੈ। ਇਸ ਪ੍ਰਕ੍ਰਿਆ ਦੇ ਬਾਅਦ ਸਰਕਾਰ ਨੂੰ ਸ਼ਿਕਾਇਤਾਂ ਪ੍ਰਾਪਤ ਹੋਈਆਂ ਕਿ ਉਨ੍ਹਾਂ ਦਾ ਰਾਸ਼ਨ ਕਾਰਡ ਗਲਤ ਕੱਟ ਗਿਆ ਹੈ।

ਇਸ ਸਮਸਿਆ ਦੇ ਹੱਲ ਲਈ ਜਨਵਰੀ, 2023 ਵਿਚ ਹੀ ਨਾਗਰਿਕਾਂ ਤੋਂ ਪਾਰਟਲ ਰਾਹੀਂ ਆਪਣੀ ਸ਼ਿਕਾਇਤ ਦਰਜ ਕਰਵਾਉਣ ਦੀ ਅਪੀਲ ਕੀਤੀ ਗਈ। ਸ਼ਿਕਾਇਤਾਂ ਪ੍ਰਾਪਤ ਹੋਣ ਬਾਅਦ ਤਸਦੀਕ ਪ੍ਰਕ੍ਰਿਆ ਪੂਰੀ ਕਰ ਕੇ ਲਗਭਗ 2.30 ਲੱਖ ਪਰਿਵਾਰਾਂ ਦੇ ਰਾਸ਼ਨ ਕਾਰਡ ਮੁੜ ਬਣਾਏ ਗਏ ਅਤੇ ਉਨ੍ਹਾਂ ਨੂੰ ਜਨਵਰੀ ਮਹੀਨੇ ਦਾ ਰਾਸ਼ਨ ਵੀ ਪ੍ਰਦਾਨ ਕੀਤਾ ਅਿਗਾ। ਉਨ੍ਹਾਂ ਨੇ ਕਿਹਾ ਕਿ ਸਾਡੀ ਨੀਤੀ ਅਤੇ ਨੀਤ ਸਾਫ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਬਹੁਤ ਗਰੀਬ ਪਰਿਵਾਰਾਂ ਦੀ ਭਲਾਈ ਲਈ ਕਈ ਯੋਜਨਾਵਾਂ ਚਲਾਈ ਜਾ ਰਹੀਆਂ ਹਨ। ਸੂਬੇ ਦੇ ਬਹੁਤ ਗਰੀਬ ਪਰਿਵਾਰਾਂ, ਜਿਨ੍ਹਾਂ ਦੀ ਆਮਦਨ 1 ਲੱਖ ਰੁਪਏ ਸਾਲਾਨਾ ਤੋਂ ਘੱਟ ਹੈ, ਉਨ੍ਹਾਂ ਦੇ ਆਰਥਕ ਉਥਾਨ ਲਈ ਮੁੱਖ ਮੰਤਰੀ ਅੰਤੋਂਦੇਯ ਪਰਿਵਾਰ ਉਥਾਨ ਯੋਜਨਾ ਚਲਾਈ ਹੈ। ਇਸ ਦੇ ਤਹਿਤ ਅਜਿਹੇ ਪਰਿਵਾਰਾਂ ਦੇ ਮੈਂਬਰਾਂ ਨੂੰ ਸਵੈ ਰੁਜਗਾਰ ਦੇ ਲਈ ਕਰਜਾ ਮਹੁਇਆ ਕਰਵਾਏ ਜਾ ਰਹੇ ਹਨ। ਇਸ ਤੋਂ ਇਲਾਵਾ, ਆਯੂਸ਼ਮਾਨ ਭਾਰਤ ਯੋਜਨਾ ਦੇ ਤਹਿਤ ਕੇਂਦਰ ਸਰਕਾਰ ਦੇ ਮਾਨਦੰਡਾਂ ਅਨੁਸਾਰ ਸੂਬੇ ਦੇ ਸਾਢੇ 15 ਲੱਖ ਪਰਿਵਾਰਾਂ ਨੂੰ 5 ਲੱਖ ਰੁਪਏ ਦਾ ਸਿਹਤ ਬੀਮਾ ਕਵਰ ਪ੍ਰਦਾਨ ਕੀਤਾ ਗਿਆ। ਇਸ ਯੋਜਨਾ ਦਾ ਦਾਇਰਾ ਵਧਾਉਂਦੇ ਹੋਏ ਹਰਿਆਣਾ ਸਰਕਾਰ ਨੇ ਚਿਰਾਯੂ ਹਰਿਆਣਾ ਯੋਜਨਾ ਸ਼ੁਰੂ ਕੀਤੀ ਅਤੇ ਅੱਜ ਲਗਭਗ32 ਲੱਖ ਪਰਿਵਾਰਾਂ ਨੂੰ ਆਯੂਸ਼ਮਾਨ ਯੋਜਨਾ ਦਾ ਲਾਭ ਮਿਲ ਰਿਹਾ ਹੈ।

**ਨਿਜੀ ਹਸਪਤਾਲਾਂ ਵਿਚ ਵੀ ਨਾਗਰਿਕਾਂ ਦੇ ਸਿਹਤ ਜਾਂਚ ਦੀ ਯੋਜਨਾ**

ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਸੂਬਾ ਸਰਕਾਰ ਨੇ ਨਾਗਰਿਕਾਂ ਦੇ ਸਿਹਤ ਦੇਖਭਾਲ ਨੂੰ ਯਕੀਨੀ ਕਰਨ ਲਈ ਨਿਰੋਗੀ ਹਰਿਆਣਾ ਯੋਜਨਾ ਬਣਾਈ ਹੈ। ਇਸ ਯੋਜਨਾ ਤਹਿਤ ਲਗਭਗ 1 ਕਰੋੜ ਤੋਂ ਵੱਧ ਨਾਗਰਿਕਾਂ ਦਾ ਸਿਹਤ ਜਾਂਚ ਕੀਤਾ ਜਾਵੇਗਾ। ਹੁਣ ਤਕ ਸਾਢੇ 4 ਲੱਖ ਲੋਕਾਂ ਦਾ ਟੇਸਟ ਕੀਤਾ ਜਾ ਚੁੱਕਾ ਹੈ। ਸਾਰੇ ਹਸਪਤਾਲਾਂ, ਸੀਐਚਸੀ ਅਤੇ ਪੀਐਚਸੀ 'ਤੇ ਸਿਹਤ ਜਾਂਚ ਕੀਤੀ ਜਾ ਰਹੀ ਹੈ। ਆਉਣ ਵਾਲੇ ਸਮੇਂ ਵਿਚ ਨਿਜੀ ਹਸਪਤਾਲਾਂ, ਲੈਬੋਰੇਟਰੀ ਦੇ ਨਾਲ ਸਮਝੌਤਾ ਕੀਤਾ ਜਾਵੇਗਾ, ਤਾਂ ਜੋ ਨਾਗਰਿਕਾਂ ਦੇ ਟੇਸਟ ਜਲਦੀ ਕੀਤੇ ਜਾ ਸਕਣ। ਇਸ ਨਾਲ ਕਿਸੇ ਵੀ ਬੀਮਾਰੀ ਦਾ ਪਤਾਲ ਪਹਿਲਾਂ ਹੀ ਲੱਗ ਜਾਵੇਗਾ ਅਤੇ ਉਸ ਦਾ ਇਲਾਜ ਸਮੇਂ 'ਤੇ ਕੀਤਾ ਜਾ ਸਕੇਗਾ।

ਇਸ ਮੌਕੇ 'ਤੇ ਹਰਿਆਣਾ ਪਰਿਵਾਰ ਪਹਿਚਾਣ ਅਥਾਰਿਟੀ ਦੇ ਮੁੱਖ ਕਾਰਜਕਾਰੀ ਅਧਿਕਾਰੀ ਵਿਕਾਸ ਗੁਪਤਾ, ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਦੇ ਨਿਦੇਸ਼ਕ ਮੁਕੁਲ ਕੁਮਾਰ , ਡਿਵੀਜਨਲ ਕਮਿਸ਼ਨਰ ਆਰਸੀ ਬਿਢਾਨ, ਪੁਲਿਸ ਕਮਿਸ਼ਨਰ ਕਲਾ ਰਾਮਚੰਦਰਨ, ਡਿਪਟੀ ਕਮਿਸ਼ਨਰ ਨਿਸ਼ਾਂਤ ਯਾਦਵ, ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਅਮਿਤ ਆਰਿਆ ਅਤੇ ਸੂਚਨਾ , ਜਨਸੰਪਰਕ , ਭਾਸ਼ਾ ਅਤੇ ਸਭਿਆਚਾਰ ਵਿਭਾਗ ਦੇ ਸੰਯੁਕਤ ਨਿਦੇਸ਼ਕ (ਪ੍ਰਸਾਸ਼ਨ) ਗੌਰਵ ਗੁਪਤਾ ਮੌਜੂਦ ਸਨ।

# ਭਗਤ ਸ਼ਿਰੋਮੀਣ ਧੰਨਾ ਭਗਤ ਦੀ ਬਾਣੀ ਨੂੰ ਪਹੁੰਚਾਉਣਾ ਹੈ ਜਨ-ਜਨ ਤਕ : ਮਨੋਹਰ ਲਾਲ




**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਭਗਤ ਸ਼ਿਰੋਮਣੀ ਧੰਨਾ ਭਗਤ ਦੀ ਬਾਣੀ ਨੂੰ ਜਨ-ਜਨ ਤਕ ਪਹੁੰਚਾਉਣ ਦਾ ਕੰਮ ਕਰਨਾ ਹੈ। ਇੰਨ੍ਹਾਂ ਜਿਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਮਿਲਦਾ ਹੈ। ਇੰਨ੍ਹਾਂ ਦੇ ਜੀਵਨ ਵਿਚ ਨੌਜੁਆਨ ਪੀੜੀ ਅਤੇ ਸਮਾਜ ਦੇ ਲੋਕਾਂ ਨੂੰ ਪ੍ਰੇਰਣਾ ਲੈਣੀ ਚਾਹੀਦੀ ਹੈ।

ਇਸੀ ਉਦੇਸ਼ ਦੇ ਨਾਲ ਸਰਕਾਰ ਵੱਲੋਂ ਪਹਿਲੀ ਵਾਰ 23 ਅਪ੍ਰੈਲ ਨੂੰ ਕੈਥਲ ਦੇ ਪਿੰਡ ਧਨੌਰੀ ਵਿਚ ਵੱਡੇ ਪੱਧਰ 'ਤੇ ਭਗਤ ਸ਼ਿਰੋਮਣੀ ਧੰਨਵਾ ਭਗਤ ਜੀ ਦੀ ਜੈਯੰਤੀ 'ਤੇ ਪ੍ਰੋਗ੍ਰਾਮ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ।

ਮੁੱਖ ਮੰਤਰੀ ਕੁਰੂਕਸ਼ੇਤਰ ਜਿਲ੍ਹਾ ਵਿਚ ਸ੍ਰੀ ਧੰਨਾ ਭਗਤ ਸਿਖਿਆ ਸਮਿਤੀ , ਕੁਰੂਕਸ਼ੇਤਰ ਵੱਲੋਂ ਧੰਨਾ ਭਗਤ ਪਬਲਿਕ ਸਕੂਲ ਦੇ ਪਰਿਸਰ ਵਿਚ ਪ੍ਰਬੰਧਿਤ ਪ੍ਰੋਗ੍ਰਾਮ ਵਿਚ ਬੋਲ ਰਹੇ ਸਨ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਸਕੂਲ ਪਰਿਸਰ ਵਿਚ ਭਗਤ ਸ਼ਿਰੋਮਣੀ ਧੰਨਾ ਭਗਤ ਦੀ ਮੂਰਤੀ ਦਾ ਉਦਘਾਟਨ ਕੀਤਾ।

ਸ੍ਰੀ ਮਨੋਹਰ ਲਾਲ ਨੇ ਸਕੂਲ ਦੇ ਵਿਦਿਆਰਥੀਆਂ ਨਾਲ ਭਗਤ ਸ਼ਿਰੋਮਣੀ ਧੰਨਾ ਭਗਤ ਦੀ ਜੀਵਨੀ ਅਤੇ ਉਨ੍ਹਾਂ ਦੇ ਜਨਮ ਨੂੰ ਲੈ ਕੇ ਕੁੱਝ ਸੁਆਲ ਕੀਤੇ।

ਉਨ੍ਹਾਂ ਨੇ ਵਿਦਿਆਰਥੀਆਂ ਨੂੰ ਭਗਤ ਸ਼ਿਰੋਮਣੀ ਦੀ ਜੀਵਨੀ ਨਾਲ ਰੁਬਰੂ ਕਰਵਾਉਣ ਲਈ ਸੰਸਥਾਨ ਦੇ ਸੰਚਾਲਕਾਂ ਤੋਂ ਉਨ੍ਹਾਂ ਦੇ ਜੀਵਨ 'ਤੇ ਇਕ ਕਿਤਾਬ ਪ੍ਰਕਾਸ਼ਿਤ ਕਰਨ ਦੇ ਲਈ ਕਿਹਾ।

ਮੁੱਖ ਮੰਤਰੀ ਨੇ ਸਾਰੇ ਲੋਕਾਂ ਨੂੰ 23 ਅਪ੍ਰੈਲ ਨੂੰ ਕੈਥਲ ਦੇ ਪਿੰਡ ਧਨੌਰੀ ਵਿਚ ਰਾਜ ਪੱਧਰ 'ਤੇ ਮਨਾਈ ਜਾਣ ਵਾਲੀ ਭਗਤ ਸ਼ਿਰੋਮਣੀ ਧੰਨਾ ਭਗਤ ਦੀ ਜੈਯੰਤੀ ਦਾ ਸੱਤਾ ਦਿੰਦੇ ਹੋਏ ਕਿਹਾ ਕਿ ਸੂਬੇ ਦੇ ਇਤਿਹਾਸ ਵਿਚ ਪਹਿਲੀ ਵਾਰ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਧੰਨਾ ਭਗਤ ਦੀ ਜੈਯੰਤੀ ਮਨਾਈ ਜਾ ਰਹੀ ਹੈ, ਇਸ ਲਈ ਵੱਧ ਤੋਂ ਵੱਧ ਲੋਕ ਇਸ ਪ੍ਰੋਗ੍ਰਾਮ ਵਿਚ ਪਹੁੰਚੇ।

ਮਹਿਲਾ ਅਤੇ ਬਾਲ ਵਿਕਾਸ ਰਾਜ ਮੰਤਰੀ ਸ੍ਰੀਮਤੀ ਕਮਲੇਸ਼ ਢਾਂਡਾ ਨੇ ਮਹਿਮਾਨਾਂ ਦਾ ਸਵਾਗਤ ਕੀਤਾ। ਇਸ ਪ੍ਰੋਗ੍ਰਾਮ ਵਿਚ ਸਾਂਸਦ ਨਾਇਬ ਸਿੰਘ ਸੈਨੀ, ਵਿਧਾਇਥ ਸੁਭਾਸ਼ ਸੁਧਾ, ਹਰਿਆਣਾ ਸਰਸਵਤੀ ਧਰੋਹਰ ਵਿਕਾਸ ਬੋਰਡ ਦੇ ਵਾਇਸ ਚੇਅਰਮੈਨ ਧੂਮਨ ਸਿੰਘ ਕਿਰਮਚ ਆਦਿ ਮੌਜੂਦ ਸਨ।

# ਹਰਿਆਣਾ ਵਿਚ ਜੀਰੋ ਡ੍ਰਾਪ ਆਊਟ ਨੀਤੀ 'ਤੇ ਕੀਤਾ ਜਾ ਰਿਹਾ ਕੰਮ - ਕੰਵਰ ਪਾਲ

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਹਰਿਆਣਾ ਦੇ ਸਕੂਲ ਸਿਖਿਆ ਮੰਤਰੀ ਸ੍ਰੀ ਕੰਵਰ ਪਾਲ ਨੇ ਕਿਹਾ ਕਿ ਸੂਬੇ ਵਿਚ ਹਰ ਬੱਚੇ ਨੂੰ ਸਿਖਿਆ ਰਾਹੀਂ ਦੇਸ਼ ਦੀ ਮੁੱਖਧਾਰਾ ਵਿਚ ਲਿਆਉਣ ਲਈ ਜੀਰੋ ਡ੍ਰਾਪ ਆਊਟ ਦੀ ਨੀਤੀ 'ਤੇ ਕੰਮ ਕੀਤਾ ਜਾ ਰਿਹਾ ਹੈ ਤਾਂ ਜੋ ਅਗਲੇ ਸਾਲ ਤਕ ਸੂਬੇ ਵਿਚ ਕੋਈ ਵੀ ਬੱਚਾ ਸਕੂਲ ਤੋਂ ਬਾਹਰ ਨਾ ਰਹੇ। ਇਸ ਦੇ ਲਈ 6 ਤੋਂ 18 ਸਾਲ ਉਮਰ ਦੇ ਕਰੀਬ 48 ਲੱਖ ਬੱਚਿਆਂ ਦੇ ਸਿਖਿਆ ਦੇ ਸਟੇਟਸ ਨੂੰ ਜਾਨਣ ਲਈ ਟ੍ਰੈਕ ਕੀਤਾ ਜਾ ਰਿਹਾ ਹੈ। ਸਿਖਿਆ ਮੰਤਰੀ ਨੇ ਦਸਿਆ ਕਿ ਹਰਿਆਣਾ ਵਿਚ 2025 ਤਕ ਨਵੀਂ ਕੌਮੀ ਸਿਖਿਆ ਨੀਤੀ ਲਾਗੂ ਹੋਵੇਗੀ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਵੱਲੋਂ ਸ਼ੁਰੂ ਪ੍ਰਧਾਨ ਮੰਤਰੀ ਸਕੂਲ ਫਾਰ ਰਾਈਜਿੰਗ ਇੰਡੀਆ (ਪੀਐਮ-ਸ੍ਰੀ) ਯੋਜਨਾ ਦੇ ਬਾਰੇ ਵਿਚ ਦਸਿਆ ਕਿ ਇਸ ਯੋਜਨਾ ਤੋਂ ਅਗਲੇ ਸਾਲ ਤਕ ਸੂਬੇ ਦੇ 135 ਬਲਾਕਾਂ ਵਿਚ ਦੋ-ਦੋ ਮਤਲਬ ਕੁੱਲ 270 ਪੀਐਮ-ਸ੍ਰੀ ਸਕੂਲ ਖੋਲੇ ਜਾਣਗੇ। ਹਰ ਬਲਾਕ ਵਿਚ ਇਹ ਮਾਡਲ ਸਕੂਲ ਹੋਣਗੇ ਅਤੇ ਕੌਮੀ ਸਿਖਿਆ ਨੀਤੀ ਅਨੁਸਾਰ ਇੰਨ੍ਹਾਂ ਸਕੂਲਾਂ ਵਿਚ ਬੱਚਿਆਂ ਨੂੰ ਸਿਖਿਆ ਦਿੱਤੀ ਜਾਵੇਗੀ। ਉਨ੍ਹਾਂ ਨੇ ਦਸਿਆ ਕਿ ਬੱਚਿਆਂ ਨੂੰ ਸੰਸਕਾਰ ਦੇ ਨਾਲ ਸਿਖਿਆ ਦੇਣ ਲਈ ਕੌਮੀ ਸਿਖਿਆ ਨੀਤੀ ਤਿਆਰ ਕੀਤੀ ਗਈ ਹੈ। ਜਿਸ ਨੂੰ ਪੂਰੇ ਦੇਸ਼ ਵਿਚ 2030 ਤਕ ਲਾਗੂ ਕਰਨ ਦਾ ਟੀਚਾ ਰੱਖਿਆ ਗਿਆ। ਪਰ ਹਰਿਆਣਾ ਵਿਚ ਇਸ ਨੂੰ 2025 ਤਕ ਪੂਰੀ ਤਰ੍ਹਾ ਨਾਲ ਲਾਗੂ ਕਰ ਦਿੱਤਾ ਜਾਵੇਗਾ।

**ਸਰਕਾਰੀ ਸਕੂਲਾਂ ਵਿਚ ਪੜਨ ਵਾਲੇ ਬੱਚਿਆਂ ਨੂੰ ਦਿੱਤੇ ਸਾਢੇ ਪੰਜ ਲੱਖ ਟੈਬਲੇਟ**

ਉਨ੍ਹਾਂ ਨੇ 21ਵੀਂ ਸਦੀ ਦੀ ਸਿਖਿਆ ਪ੍ਰਣਾਲੀ ਦਾ ਜਿਕਰ ਕਰਦੇ ਹੋਏ ਦਸਿਆ ਕਿ ਸਮੇਂ ਦੇ ਨਾਲ ਚੀਜਾਂ ਬਦਲਦੀ ਹੈ। ਹਰਿਆਣਾ ਵਿਚ ਫਾਇਵ ਐਸ ਯਾਨੀ ਸਿਖਿਆ, ਸਿਹਤ, ਸੁਰੱਖਿਆ, ਸਵਾਵਲੰਬੀ ਤੇ ਸਵਾ-ਮਿਾਨ ਦੇ ਨਾਲ-ਨਾਲ ਸੁਸ਼ਾਸਨ ਨੂੰ ਵੀ ਜੋੜਿਆ ਗਿਆ। ਜਿਸ ਦੇ ਬੀਤੇ ਅੱਠ ਸਾਲ ਤੋਂ ਵੱਧ ਸਮੇਂ ਵਿਚ ਸਾਕਾਰਾਤਮਕ ਨਤੀਜੇ ਨਿਕਲੇ। ਦੇਸ਼ ਵਿਚ ਪਹਿਲੀ ਵਾਰ ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ ਤਕਨਾਲੋਜੀ ਨਾਲ ਜੋੜਨ ਲਈ ਦੱਸਵੀਂ ਤੋਂ ਬਾਹਰਵੀਂ ਦੇ ਵਿਦਿਆਰਥੀਆਂ ਨੂੰ ਸਾਢੇ ਪੰਜ ਲੱਖ ਟੈਬਲੇਟ ਵੰਡੇ ਗਏ।

# ਅਮਰੀਕਾ ਨੇ ਭਾਰਤ ਵਿੱਚ ਐੱਫ-15 ਲੜਾਕੂ ਜਹਾਜ਼ ਭੇਜੇ




**ਨਵੀਂ ਦਿੱਲੀ,**
**-ਰੋਜ਼ਾਨਾ ਸਵੇਰਾ-**

ਚੀਨ ਨਾਲ ਚੱਲ ਰਹੇ ਤਣਾਅ ਦਰਮਿਆਨ ਭਾਰਤ ਅਤੇ ਅਮਰੀਕਾ ਦੇ ਵਿਸ਼ੇਸ਼ ਬਲ ਜੰਗੀ ਮਸ਼ਕਾਂ ਵਿੱਚ ਰੁੱਝੇ ਹੋਏ ਹਨ। ਇਹ ਮਸ਼ਕਾਂ ਸਰਹੱਦੀ ਖੇਤਰਾਂ ਵਿੱਚ ਲੜਾਕੂ ਜਹਾਜ਼ਾਂ ਦੇ ਅਪਰੇਸ਼ਨਾਂ ਦੀ ਸਮਰੱਥਾ ਨੂੰ ਧਿਆਨ ਵਿੱਚ ਰੱਖ ਕੇ ਕੀਤੀਆਂ ਜਾ ਰਹੀਆਂ ਹਨ। ਵਿਸ਼ੇਸ਼ ਬਲਾਂ ਦੇ ਕਲਾਈਕੁੰਡਾ ਵਿੱਚ ਲੜਾਕੂ ਤੇ ਮਾਲਵਾਹਕ ਜਹਾਜ਼ਾਂ ਸਮੇਤ ਵੱਡੀਆਂ ਟੁੱਕੜੀਆਂ ਨਾਲ ਹਿੱਸਾ ਲੈਣ ਦੀ ਸੰਭਾਵਨਾ ਹੈ। ਅਮਰੀਕੀ ਹਵਾਈ ਫੌਜ ਆਪਣੇ ਐੱਫ-15 ਸਟ੍ਰਾਈਕ ਈਗਲ ਲੜਾਕੂ ਜਹਾਜ਼ ਨਾਲ ਇਨ੍ਹਾਂ ਮਸ਼ਕਾਂ ਵਿੱਚ ਹਿੱਸਾ ਲੈ ਰਹੀ ਹੈ। ਹਾਲਾਂਕਿ, ਇਸ ਵਿੱਚ ਕੁੱਝ ਬਦਲਾਅ ਵੀ ਕੀਤੇ ਜਾ ਸਕਦੇ ਹਨ। ਇਹ ਜੰਗੀ ਮਸ਼ਕਾਂ ਅਜਿਹੇ ਸਮੇਂ ਹੋ ਰਹੀਆਂ ਹਨ, ਜਦੋਂ ਭਾਰਤ ਦਾ ਚੀਨ ਨਾਲ ਫੌਜੀ ਤਣਾਅ ਚੱਲ ਰਿਹਾ ਹੈ।



ਹਰਿਆਣਾ ਕੇ ਉੱਚ ਸਿੱਖਿਆ ਸ਼੍ਰੀ ਮੂਲਚੰਦ ਸ਼ਰਮਾ ਅਤੇ ਖੇਤੀਬਾੜੀ ਅਤੇ ਕਿਸਾਨ ਕਲਿਆਣ ਮੰਤਰੀ ਸ਼੍ਰੀ ਜੈ ਪ੍ਰਕਾਸ਼ ਦਲਾਲ ਐਥੈ ਸਕਚੇਵਾਨ ਲੇਜਿਸਲੇਟਿਵ ਐਸੰਬਲੀ ਦੇ ਵਿਦੇਸ਼ੀ ਪ੍ਰਤੀਨਿਧੀ ਮੰਡਲ ਦੇ ਨਾਲ ਚੰਡੀਗੜ ਵਿੱਚ ਹੋ ਰਹੇ ਵਿਚਾਰ ਵਿਮਰਸ਼ ਕੇ ਉਪਰੰਤ। ਫ਼ੋਟੋ : ਪ੍ਰੈਸ ਕੀ ਤਾਕਤ

# ਕਿਸਾਨਾਂ ਅਤੇ ਗਰੀਬ ਸਮਾਜ ਦੇ ਲਈ ਮਹਾਤਮਾ ਜਯੋਤਿਬਾ ਫੂਲੇ ਨੇ ਕੀਤਾ ਮਸੀਹਾ ਬਣ ਕੇ ਕੰਮ : ਮਨੋਹਰ ਲਾਲ

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਮਹਾਤਮਾ ਜਯੋਤਿਬਾ ਫੂਲੇ ਨੇ ਆਪਣਾ ਪੂਰਾ ਜੀਵਨ ਕਿਸਾਨਾਂ ਅਤੇ ਗਰੀਬਾਂ ਦੇ ਵੁਥਾਨ ਲਈ ਸਮਰਪਿਤ ਕੀਤਾ। ਇੰਨ੍ਹਾਂ ਨੇ ਮਹਿਲਾਵਾਂ ਨੂੰ ਸਿਖਿਅਤ ਕਰਨ ਦੀ ਪਹਿਲ ਵੀ ਕੀਤੀ। ਇੰਨ੍ਹਾਂ ਮਹਾਪੁਰਸ਼ ਦੀ ਸਿਖਿਆਵਾਂ ਦੀ ਅੱਜ ਲੋਕਾਂ ਨੂੰ ਆਪਣੇ ਜੀਵਨ ਵਿਚ ਧਾਰਣ ਕਰਨ ਦੀ ਜਰੂਰਤ ਹੈ।

ਮੁੱਖ ਮੰਤਰੀ ਮੰਗਲਵਾਰ ਨੂੰ ਕੁਰੂਕਸ਼ੇਤਰ ਵਿਚ ਸੈਨੀ ਸਮਾਜ ਸਭਾ ਅਤੇ ਸਾਰੇ ਸੈਨੀ ਸਮਾਜ ਵੱਲੋਂ ਮਹਾਤਮਾ ਜਯੋਤਿਬਾ ਫੂਲੇ ਦੇ ਰਾਜ ਪੱਧਰੀ ਜੈਯੰਤੀ ਸਮਾਰੋਹ ਵਿਚ ਬੋਲ ਰਹੇ ਸਨ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਮਹਾਤਮਾ ਜਯੋਤਿਬਾ ਫੂਲੇ ਚੌਕ ਦਾ ਉਦਘਾਟਨ ਕਰਨ ਬਾਅਦ ਮਹਾਤਮਾ ਜਯੋਤਿਬਾ ਫੂਲੇ ਦੀ ਤਰ੍ਹਾ ਦਾ ਅਨਾਵਰਣ ਕੀਤਾ। ਇਸ ਦੇ ਬਾਅਦ ਮੁੱਖ ਮੰਤਰੀ, ਸਾਂਸਦ ਨਾਇਬ ਸਿੰਘ ਸੈਨੀ, ਵਿਧਾਇਕ ਸੁਭਾਸ਼ ਸੁਧਾ, ਚੇਅਰਮੈਨ ਅਤੇ ਵਿਧਾਇਕ ਰਾਮਕਰਣ ਕਾਲਾ, ਵਿਧਾਇਕ ਰਾਮਕੁਮਾਰ ਕਸ਼ਪ ਅਤੇ ਹੋਰ ਮਾਣਯੋਗ ਵਿਅਕਤੀਆਂ ਨੇ ਜੈਯੰਤੀ ਸਮਾਰੋਹ ਵਿਚ ਮਹਾਤਮਾ ਜਯੋਤਿਬਾ ਫੂਲੇ ਦੀ ਤਸਵੀਰ 'ਤੇ ਪੁਸ਼ਪ ਅਰਪਿਤ ਕੀਤੇ। ਸਮਾਰੋਹ ਵਿਚ ਸ੍ਰੀ ਮਨੋਹਰ ਲਾਲ ਨੇ ਆਪਣੇ ਨਿਜੀ ਕੋਸ਼ ਤੋਂ ਸੈਨੀ ਸਮਾਜ ਨੂੰ 31 ਲੱਖ ਰੁਪਏ ਅਤੇ ਸਾਂਸਦ ਨਾਇਬ ਸਿੰਘ ਸੈਨੀ ਵੱਲੋਂ 21 ਲੱਖ ਰੁਪਏ ਦੇਣ ਦਾ ਐਲਾਨ ਕੀਤਾ।

ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਸਰਕਾਰ ਨੇ ਇਕ ਨਵੀਂ ਸੋਚ ਦੇ ਨਾਲ ਕੰਮ ਕਰਨ ਦਾ ਕਾਰਜ ਕੀਤਾ। ਇਸ ਸੋਚ ਦੇ ਤਹਿਤ ਮਹਾਪੁਰਸ਼ਾਂ ਤੇ ਸੰਤਾਂ ਨੂੰ ਯਾਦ ਕਰਨ ਅਤੇ ਨੌਜੁਆਨਾਂ ਨੂੰ ਪ੍ਰੇਰਿਤ ਕਰਨ ਲਈ ਮਹਾਪੁਰਸ਼ਾਂ ਦੀ ਜੈਯੰਤੀ ਨੂੰ ਸਰਕਾਰੀ ਤੌਰ 'ਤੇ ਮਨਾਉਣ ਦਾ ਫੈਸਲਾ ਕੀਤਾ। ਇਸੀ ਲੜੀ ਵਿਚ ਹੀ ਮਹਾਤਮਾ ਜਯੋਤਿਬਾ ਫੂਲੇ ਦੀ ਜੈਯੰਤੀ 'ਤੇ ਰਾਜ ਪੱਧਰੀ ਪ੍ਰੋਗ੍ਰਾਮ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਕੁਰੂਕਸ਼ੇਤਰ ਵਿਚ ਹੀ ਮਹਾਪੁਰਸ਼ ਭਗਤ ਸ਼ਿਰੋਮਣੀ ਧੰਨਾ ਭਗਤ ਦੀ ਜੈਯੰਤੀ ਨੂੰ ਵੀ ਮਨਾਉਣ ਦਾ ਸੰਕਲਪ ਲਿਆ ਗਿਆ ਸੀ। ਇਸੀ ਸੰਕਲਪ ਦੇ ਤਹਿਤ 23 ਅਪ੍ਰੈਲ ਨੂੰ ਕੈਥਲ ਦੇ ਧਨੌਰੀ ਪਿੰਡ ਵਿਚ ਜੈਯੰਤੀ ਸਮਾਰੋਹ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ।



ਉਨ੍ਹਾਂ ਨੇ ਕਿਹਾ ਕਿ ਮਹਾਪੁਰਸ਼ਾਂ ਦੀ ਜੀਵਨੀ ਨੂੰ ਆਦਿ ਕਾਲ ਤੋਂ ਹੀ ਯਾਦ ਕੀਤਾ ਜਾਂਦਾ ਹੈ। ਇੰਨ੍ਹਾਂ ਮਹਾਪੁਰਸ਼ਾਂ ਨੇ ਸਮਾਜ ਦੇ ਲੋਕਾਂ ਨੂੰ ਜੀਵਨ ਜੀਣ ਦਾ ਸਾਰ ਦਿੱਤਾ। ਇਸੀ ਕੁਰੂਕਸ਼ੇਤਰ ਦੀ ਭੂਮੀ 'ਤੇ ਭਗਵਾਨ ਸ੍ਰੀਕ੍ਰਿਸ਼ਣ ਨੇ ਗੀਤਾ ਦੇ ਉਪਦੇਸ਼ ਦਿੱਤੇ ਜੋ ਅੱਜ ਵੀ ਪੂਰੀ ਤਰ੍ਹਾ ਢੁੱਕ ਰਿਹਾ ਹੈ। ਉਨ੍ਹਾਂ ਨੇ ਮਹਾਤਮਾ ਜਯੋਤਿਬਾ ਫੂਲੇ ਦੀ ਜੈਯੰਤੀ 'ਤੇ ਸੂਬਾਵਾਸੀਆਂ ਨੂੰ ਵਧਾਈ ਅਤੇ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਮਹਾਤਮਾ ਜਯੋਤਿਬਾ ਫੂਲੇ ਨੇ ਆਪਣਾ ਪੂਰਾ ਜੀਵਨ ਸਿਖਿਆ ਨੂੰ ਸਮਰਪਿਤ ਕੀਤਾ। ਇਹ ਮਹਾਪੁਰਸ਼ ਸਹੀ ਮਾਇਨੇ ਵਿਚ ਸਮਾਜ ਸੁਧਾਰਕ ਸਨ। ਇਸ ਮਹਾਪੁਰਸ਼ ਨੇ ਕਿਹਾ ਸੀ ਕਿ ਸਿਖਿਆ ਦੇ ਬਿਨ੍ਹਾਂ ਕੁੱਝ ਨਹੀਂ ਹੈ, ਜੋ ਵਿਅਕਤੀ ਸਿਖਿਅਤ ਨਹੀਂ ਹੋਵੇਗਾ, ਉਸ ਦਾ ਜੀਵਨ ਸਫਲ ਨਹੀਂ ਹੋ ਪਾਵੇਗਾ। ਇਸ ਲਈ ਮਨੁੱਖ ਨੂੰ ਅੱਗੇ ਵੱਧਣ ਲਈ ਸਿਖਿਅਤ ਹੋਣਾ ਜਰੂਰੀ ਹੈ। ਮੁੱਖ ਮੰਤਰੀ ਨੇ ਕਿਹਾ ਕਿ 1883 ਵਿਚ ਜਦੋਂ ਮਹਾਤਮਾ ਜਯੋਤਿਬਾ ਫੂਲੇ ਨੇ ਪਿੰਡਾਂ ਵਿਚ ਮਹਿਲਾ ਸਿਖਿਆ ਸਕੂਲ ਖੋਲਣ ਦਾ ਯਤਨ ਕੀਤਾ ਤਾਂ ਲੋਕਾਂ ਨੇ ਵਿਰੋਧ ਕੀਤਾ। ਇਸ ਵਿਰੋਧ ਦੇ ਚਲਦੇ ਮਹਾਤਮਾ ਜਯੋਤਿਬਾ ਫੂਲੇ ਨੇ ਆਪਣਾ ਪਿੰਡ ਛੱਡ ਕੇ ਦੂਜੇ ਪਿੰਡ ਵਿਚ ਸਕੂਲ ਖੋਲਿਆ ਅਤੇ ਮਹਿਲਾਵਾਂ ਨੂੰ ਸਿਖਿਅਤ ਕਰਨ ਦਾ ਕੰਮ ਕੀਤਾ। ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਮਹਾਤਮਾ ਜਯੋਤਿਬਾ ਫੂਲੇ ਦੇ ਜੀਵਨ ਤੋਂ ਪ੍ਰੇਰਿਤ ਹੋ ਕੇ ਲਗਾਤਾਰ ਕੰਮ ਕਰ ਰਹੀ ਹੈ। ਸਰਕਾਰ ਨੇ ਅੰਤੋਂਦੇਯ ਦੀ ਭਾਵਨਾ ਨਾਲ ਅਨੇਕ ਯੋਜਨਾਵਾਂ ਸ਼ੁਰੂ ਕੀਤੀਆਂ ਹਨ ਅਤੇ ਬਹੁਤ ਪਿਛੜੇ ਵਿਅਕਤੀ ਨੂੰ ਨਾਲ ਜੋੜਨ ਦਾ ਕੰਮ ਕੀਤਾ ਹੈ। ਪਿਛਲੇ 5 ਸਾਲਾਂ ਵਿਚ ਬਹੁਤ ਪਿਛੜਾ ਵਰਗ ਦੇ ਲੋਕਾਂ ਦਾ ਡਾਟਾ ਇਕੱਠਾ ਕੀਤਾ ਹੈ। ਇੰਨ੍ਹਾਂ ਆਂਕੜਿਆਂ ਦੇ ਆਧਾਰ 'ਤੇ ਸਰਕਾਰ ਯੋਜਨਾਵਾਂ ਬਣਾ ਰਹੀ ਹੈ। ਸਰਕਾਰ ਨੇ ਹੁਣ 1 ਲੱਖ 80 ਹਜਾਰ ਤੋਂ ਘੱਟ ਆਮਦਨ ਦੇ ਵਰਗਾਂ ਨੂੰ ਗਰੀਬ ਮੰਨਿਆ ਹੈ ਅਤੇ ਇਸ ਸੋਚ ਦੇ ਨਾਲ 12 ਲੱਖ 50 ਹਜਾਰ ਪਰਿਵਾਰਾਂ ਦਾ ਰਾਸ਼ਨ ਕਾਰਡ ਬਣਾ ਕੇ ਰਾਸ਼ਨ ਵੰਡਣ ਦਾ ਕੰਮ ਕੀਤਾ ਹੈ। ਮਹਾਤਮਾ ਜਯੋਤਿਬਾ ਫੂਲੇ ਨੇ ਕਿਸਾਨਾਂ ਦਾ ਉਦਾਰ ਕਰਨ ਦੇ ਲਈ ਵੀ ਅਨੇਕਾਂ ਕੰਮ ਕੀਤੇ ਅਤੇ ਪਾਣੀ ਬਚਾਉਣ ਦਾ ਸੰਦੇਸ਼ ਵੀ ਦਿੱਤਾ। ਸਰਕਾਰ ਨੇ ਇਸੀ ਸੋਚ ਦੇ ਨਾਲ ਕਿਸਾਨਾਂ ਨੂੰ ਜਾਗਰੁਕ ਕੀਤਾ ਅਤੇ ਕਿਸਾਨਾਂ ਨੇ ਸਰਕਾਰ ਦੀ ਗਲ ਮੰਨਦੇ ਹੋਏ ਪਾਣੀ ਬਚਾਉਣ ਲਈ ਅੱਗੇ ਆਉਣ ਅਤੇ 1 ਲੱਖ 75 ਹਜਾਰ ਏਕੜ ਭੂਮੀ 'ਤੇ ਝੋਨੇ ਦੀ ਘੱਟ ਬਿਜਾਈ ਕਰਨ।

# ਨਵੀਂ ਸਮਾਜ ਬਣਤਰ ਦੇ ਸਿਰਜਕ ਗੁਰੂ ਗੋਬਿੰਦ ਸਿੰਘ ਜੀ

ਗੁਰੂ ਗੋਬਿੰਦ ਸਿੰਘ ਜੀ ਦਾ ਸਮਾਜ–ਬਣਤਰ ਦਾ ਸੰਕਲਪ ਕੀ ਸੀ? ਜਾਂ ਇਉਂ ਕਿਹਾ ਜਾਏ ਕਿ ਉਹ ਕਿਹੋ ਜਿਹਾ ਸਮਾਜ ਦੀ ਰਚਨਾ ਕਰਣੀ ਚਾਹੁੰਦੇ ਸਨ?

ਕਿਸੇ ਵੀ ਮਹਾਨ ਸ਼ਖ਼ਸੀਅਤ ਦੀ ਮਹਾਨਤਾ ਇਸ ਗੱਲ ਉੱਤੇ ਨਿਰਭਰ ਕਰਦੀ ਹੈ ਕਿ ਮਨੁੱਖ ਦੇ ਅੰਦਰਲੇ ਤੇ ਬਾਹਰਲੇ ਸੰਸਾਰ ਨੂੰ ਚੰਗਾ ਨਿਆਂਪੂਰਨ ਸੁਚੱਜਾ ਅਤੇ ਭਰਪੂਰ ਬਣਾਉਣ ਲਈ ਉਹ ਕੀ ਸੁਨੇਹਾ ਦਿੰਦਾ ਹੈ, ਕਿਹੜੇ ਰਾਹ ਦੱਸਦਾ ਹੈ ਅਤੇ ਆਪਣੇ ਜੀਵਨ ਰਾਹੀਂ ਕਿਹੋ ਜਿਹੀ ਪ੍ਰੇਰਣਾ ਦਿੰਦਾ ਹੈ। ਮਨੁੱਖ ਦਾ ਜੀਵਨ ਇਕੱਲਾ ਤੇ ਇਕਾਂਗੀ ਨਹੀਂ ਹੁੰਦਾ। ਉਸ ਦਾ ਆਪਣੇ ਆਲੇ ਦੁਆਲੇ ਨਾਲ, ਆਪਣੇ ਪਰਿਵੇਸ਼ ਨਾਲ, ਆਪਣੇ ਸਮਾਜ ਨਾਲ ਡੂੰਘਾ ਤੇ ਅਨਿੱਖੜਵਾਂ ਸੰਬੰਧ ਹੁੰਦਾ ਹੈ। ਇਸ ਲਈ ਹਰ ਉੱਚੀ ਸ਼ਖ਼ਸੀਅਤ ਵਿਅਕਤੀ ਨੂੰ ਆਪਣੇ ਬਾਰੇ ਅਤੇ ਆਪਣੇ ਸਮਾਜ ਬਾਰੇ ਜਾਗਰੂਕ, ਕਰਤੱਵਸ਼ੀਲ ਅਤੇ ਜ਼ਿੰਮੇਵਾਰ ਬਨਾਉਣ ਦਾ ਯਤਨ ਕਰਦੀ ਹੈ।

ਸੰਸਾਰ ਵਿਚ ਦੋ ਤਰ੍ਹਾਂ ਦੀਆਂ ਵਿਚਾਰ–ਧਾਰਾਵਾਂ ਪ੍ਰਚਲਿਤ ਰਹੀਆਂ ਹਨ। ਇਕ ਵਿਚਾਰਧਾਰਾ ਮੰਨਦੀ ਹੈ ਕਿ ਕੁਦਰਤ ਵੱਲੋਂ ਹੀ ਸਾਰੇ ਪ੍ਰਾਣੀਆਂ ਨੂੰ ਗ਼ੈਰਬਰਾਬਰ ਜਾਂ ਅਸਮਾਨ ਬਣਾਇਆ ਗਿਆ ਹੈ। ਕੁਝ ਜੀਵ ਵਧੇਰੇ ਤਾਕਤਵਰ ਹੁੰਦੇ ਹਨ, ਕੁਝ ਕਮਜ਼ੋਰ ਹੁੰਦੇ ਹਨ। ਕੁਝ ਵੱਡੇ ਹੁੰਦੇ ਹਨ, ਕੁਝ ਨਿੱਕੇ ਹੁੰਦੇ ਹਨ। ਸਾਰੇ ਮਨੁੱਖ ਬਰਾਬਰ ਵੀ ਨਹੀਂ ਹੁੰਦੇ। ਆਪਣੇ ਵਰਣ, ਰੰਗ, ਜਨਮ, ਖ਼ਾਨਦਾਨ, ਵਿਦਿਆ, ਤਾਕਤ, ਦੌਲਤ, ਨਕਸ਼ ਆਦਿ ਅਨੇਕ ਗੱਲਾਂ ਕਰਕੇ ਮਨੁੱਖਾਂ ਵਿਚ ਸਮਾਨਤਾ ਜਾਂ ਗ਼ੈਰਬਰਾਬਰੀ ਹੁੰਦੀ ਹੈ। ਭਾਰਤ ਵਿਚ ਪ੍ਰਾਚੀਨ ਸਮਾਜ ਵਿਵਸਥਾ ਇਸੇ ਗ਼ੈਰਬਰਾਬਰੀ ਦੇ ਸਿਧਾਂਤ ਤੇ ਟਿਕੀ ਹੋਈ ਸੀ। ਇਸ ਵਿਵਸਥਾ ਨੂੰ ਪੌੜੀ ਵਿਵਸਥਾ ਕਿਹਾ ਜਾ ਸਕਦਾ ਹੈ, ਜਿਹੜੀ ਥੱਲਿਉਂ ਉੱਤੇ ਵੱਲ ਜਾਂਦੀ ਹੈ, ਫਿਰ ਉੱਤੇ ਥੱਲੇ ਵੱਲ ਆਉਂਦੀ ਹੈ। ਹਿੰਦੂ ਵਰਣ ਵਿਵਸਥਾ ਦਾ ਇਹੋ ਆਧਾਰ ਹੈ। ਸਭ ਤੋਂ ਮਹੱਤਵਪੂਰਣ ਸਿਮ੍ਰਿਤੀ ਦਾ ਰਚਣ ਵਾਲਾ ਮੰਨੂੰ ਲਿਖਦਾ ਹੈ ਕਿ ਬ੍ਰਾਹਮਣ ਸਭ ਤੋਂ ਉੱਚਾ ਹੈ ਕਿਉਂਕਿ ਉਹ ਬ੍ਰਹਮਾ ਦੇ ਮੂੰਹ ਤੋਂ ਪੈਦਾ ਹੁੰਦਾ ਹੈ। ਉਸ ਤੋਂ ਥੱਲੇ ਛਤਰੀ ਹੈ, ਜੋ ਬ੍ਰਹਮਾ ਦੀਆਂ ਬਾਹਵਾਂ ਤੋਂ ਜਨਮ ਲੈਂਦਾ ਹੈ। ਉਸ ਤੋਂ ਥੱਲੇ ਵੈਸ਼ ਜਿਸ ਦਾ ਜਨਮ ਬ੍ਰਹਮਾ ਦੀਆਂ ਜੰਘਾਂ ਤੋਂ ਹੁੰਦਾ ਹੈ ਅਤੇ ਸ਼ੂਦਰ ਸਭ ਤੋਂ ਨੀਵਾਂ ਹੈ ਕਿਉਂਕਿ ਉਹ ਬ੍ਰਹਮਾ ਦੇ ਪੈਰਾਂ ਤੋਂ ਉਤਪੰਨ ਹੋਇਆ ਹੈ। ਊਚ–ਨੀਚ ਦਾ ਇਹ ਭਾਵ ਕਿਸੇ ਨਾ ਕਿਸੇ ਰੂਪ ਵਿਚ ਸੰਸਾਰ ਦੇ ਹਰ ਦੇਸ਼ ਹਰ ਕੌਮ ਤੇ ਹਰ ਸਮੂਹ ਵਿਚ ਹੈ। ਯੂਰਪ ਦੇ ਵਾਸੀ ਗੋਰੇ, ਅਫਰੀਕਾ ਦੇ ਕਾਲਿਆਂ ਤੋਂ ਅਤੇ ਏਸ਼ੀਆ ਦੇ ਭੂਰਿਆਂ ਤੋਂ ਆਪਣੇ ਆਪ ਨੂੰ ਸਦਾ ਵੱਡਾ ਤੇ ਉੱਚਾ ਸਮਝਦੇ ਹਨ।

ਦੂਜੀ ਵਿਚਾਰਧਾਰਾ ਉਹ ਹੈ ਜਿਹੜੀ ਸਾਰੀ ਮਨੁੱਖ ਜਾਤੀ ਨੂੰ ਇਕੋ ਜਿਹੀ, ਇਕ ਬਰਾਬਰ ਇਕ ਮਹਾਨ ਸਮਝਦੀ ਹੈ। ਸੰਪੂਰਣ ਸਿੱਖ ਵਿਚਾਰਧਾਰਾ ਇਸ ਵਿਚਾਰ ਦੀ ਪ੍ਰੋੜ੍ਹਦਾ ਕਰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਵਿਚਾਰ ਸੀ ਕਿ ਮਨੁੱਖਾਂ ਵਿਚ ਰੰਗ, ਵਰਣ, ਕਿੱਤਾ ਜਾਂ ਹੋਰ ਕਿਸੇ ਵੀ ਕਾਰਨ ਜਿਹੜੀ ਵਿਭਿੰਨਤਾ ਜਾਂ ਵੱਖਰੇਵਾਂ ਨਜ਼ਰ ਆਉਂਦਾ ਹੈ ਉਹ ਬਾਹਰਲਾ, ਦਿਖਾਵਾ ਮਾਤਰ ਹੈ। ਮੂਲਰੂਪ ਵਿਚ ਉਸ ਵਿਚ ਕੋਈ ਭੇਦ ਜਾਂ ਅੰਤਰ ਨਹੀਂ।

ਗੁਰੂ ਗੋਬਿੰਦ ਸਿੰਘ ਜੀ ਬਾਰ ਬਾਰ ਇੱਕ ਗੱਲ ਤੋਂ ਜ਼ੋਰ ਦਿੰਦੇ ਹਨ ਕਿ ਦਿਸਣ ਵਾਲੇ ਸੰਸਾਰ ਦੇ ਇਨ੍ਹਾਂ ਅਨੇਕ ਅੰਗਾਂ, ਉਪ–ਅੰਗਾਂ ਦੇ ਮੂਲ ਵਿਚ ਇਕ ਪਰਮ ਸ਼ਕਤੀ ਨਿਵਾਸ ਕਰਦੀ ਹੈ। ਸਭ ਕੁਝ ਉਸੇ ਤੋਂ ਉਤਪੰਨ ਹੁੰਦਾ ਹੈ ਅਤੇ ਅੰਤ ਉਸੇ ਵਿਚ ਸਮਾ ਜਾਂਦਾ ਹੈ। ਜਿਵੇਂ ਅੱਗ ਦੀਆਂ ਕਿਰਨਾਂ ਨਿਕਲ ਕੇ ਉਸੇ ਵਿਚ ਮਿਲ ਜਾਂਦੀਆਂ ਹਨ, ਨਦੀ ਦੀਆਂ ਤਰੰਗਾਂ ਮੁੜ ਨਦੀ ਵਿਚ ਹੀ ਵਿਲੀਨ ਹੋ ਜਾਂਦੀਆਂ ਹਨ, ਧੂੜ ਦੇ ਗੁਬਾਰ ਫਿਰ ਧੂੜ ਵਿਚ ਹੀ ਮਿਲ ਜਾਂਦੇ ਹਨ।

ਉਂਝ ਮਨੁੱਖੀ ਏਕਤਾ ਤੇ ਸਮਾਨਤਾ ਦੀ ਗੱਲ ਲਗਭਗ ਸਾਰੇ ਧਰਮ, ਸਾਰੀਆਂ ਵਿਚਾਰਧਾਰਾਵਾਂ ਅਤੇ ਸਾਰੇ ਆਗੂ ਕਰਦੇ ਹਨ, ਪਰ ਸੰਸਾਰ ਵਿਚ ਬੋਲਬਾਲਾ ਸਦਾ ਹੀ ਉੱਚੀਆਂ ਜਾਤਾਂ, ਸੱਤਾਧਾਰੀਆਂ, ਧਨਵਾਨਾਂ ਤੇ ਬਲਵਾਨ ਲੋਕਾਂ ਦਾ ਰਿਹਾ ਹੈ। ਕੁਝ ਲੋਕੀਂ ਇਨ੍ਹਾਂ ਕਾਰਨਾਂ ਕਰਕੇ ਆਮ ਲੋਕਾਂ ਤੇ ਹਕੂਮਤ ਕਰਦੇ ਰਹੇ ਹਨ, ਜ਼ੁਲਮ ਕਰਦੇ ਹਨ ਅਤੇ ਉਨ੍ਹਾਂ ਨੂੰ ਹਰ ਤਰ੍ਹਾਂ ਨਾਲ ਗੁਲਾਮ ਬਣਾ ਕੇ ਰੱਖਦੇ ਹਨ ਲੋਕਾਂ ਦੀ ਜ਼ਿੰਦਗੀ ਵਿਚ ਚਾਨਣ ਮੁਨਾਰਾ ਬਣਨ ਵਾਲੀ ਹਰ ਮਹਾਨ ਸ਼ਖ਼ਸੀਅਤ ਲੋਕਾਂ ਨੂੰ ਜਿਸ ਧਰਮ ਦਾ ਰਾਜ ਦੱਸਦੀ ਹੈ, ਉਹ ਕੇਵਲ ਮਨੁੱਖ ਦੀਆਂ ਅਧਿਆਤਮਕ ਲੋੜਾਂ ਨੂੰ ਨਹੀਂ ਪੂਰਾ ਕਰਦਾ, ਉਸ ਨੂੰ ਜ਼ੁਲਮ ਅਤੇ ਅਨਿਆਂ ਨਾਲ ਲੜਨ ਅਤੇ ਠੁਕਰਾਏ ਗਏ, ਲਤਾੜੇ ਗਏ, ਗੁਲਾਮ ਬਣਾਏ ਗਏ, ਵਿਅਕਤੀ ਦੀ ਆਜ਼ਾਦੀ ਦਾ ਰਾਹ ਵੀ ਦਿਖਾਉਂਦਾ ਹੈ। ਆਪਣੇ ਵੇਲੇ ਦੇ ਹਾਕਮਾਂ ਦੇ ਜ਼ੁਲਮ, ਅਨਿਆਂ ਅਤੇ ਹਕੂਮਤ ਦੇ ਅੰਨੇ ਨਸ਼ੇ ਨੂੰ ਗੁਰੂ ਨਾਨਕ ਜੀ ਨੇ ਮਹਿਸੂਸ ਕੀਤਾ ਸੀ। 'ਰਾਜੇ ਸੀਂਹ ਮੁਕਦਮ ਕੁਤੇ' ਆਖ ਕੇ ਉਨ੍ਹਾਂ ਦੇ ਅਜਿਹੇ ਹਾਕਮਾਂ ਨੂੰ ਭੰਡਿਆ ਵੀ ਸੀ। ਜ਼ੁਲਮ ਅਤੇ ਅਨਿਆਂ ਨਾਲ ਲੜਨ ਦਾ ਜਜ਼ਬਾ ਵੀ ਲੋਕਾਂ ਅੰਦਰ ਪੁੰਗਰਣਾ ਸ਼ੁਰੂ ਹੋ ਗਿਆ ਸੀ ਅਤੇ ਪੰਥ ਦੇ ਰੂਪ ਵਿਚ ਸੰਗਠਨ ਜੱਥੇਬੰਦੀ ਦਾ ਰੂਪ ਵੀ ਉਭਰਨ ਲੱਗ ਪਿਆ ਸੀ। ਅਜਿਹੀ ਜੱਥੇਬੰਦੀ ਨਿਰੋਲ ਧਾਰਮਿਕ ਰਹਿੰਦੀ, ਲੋਕਾਂ ਨੂੰ ਸਿਰਫ਼ ਭਗਤੀ ਦਾ ਮਾਰਗ ਦੱਸਦੀ ਰਹਿੰਦੀ ਅਤੇ ਵੇਲੇ ਦੀ ਹਕੂਮਤ ਨਾਲ ਕਿਸੇ ਵੀ ਤਰ੍ਹਾਂ ਦੇ ਟਕਰਾਉਣ ਤੋਂ ਆਪਣੇ ਆਪ ਨੂੰ ਬਚਾਉਂਦੀ ਰਹਿੰਦੀ ਤਾਂ ਆਮ ਪੰਥਾਂ, ਮਤਾਂ ਸੰਪਰਦਾਵਾਂ ਵਾਂਗ ਇਸ ਦੇ ਰੂਪ ਨੇ ਜਿਸ ਨਵੇਂ ਮਨੁੱਖ ਦੀ ਕਲਪਨਾ ਕੀਤੀ ਸੀ ਉਹ ਕੇਵਲ ਸੰਤ ਨਹੀਂ ਸੀ, ਉਸ ਨੇ ਸਿਪਾਹੀ ਵੀ ਬਣਨਾ ਸੀ। ਸੰਤ ਅਤੇ ਸਿਪਾਹੀ ਦਾ ਸੁਮੇਲ ਹੀ ਮਨੁੱਖ ਨੂੰ ਪੂਰਨ ਬਣਾਂਦਾ ਹੈ।

ਇਸ ਲਈ ਸਿੱਖ ਲਹਿਰ ਵਿਚ ਉਸ ਵੇਲੇ ਰਾਜਸੀ ਸੱਤਾ ਦੇ ਮੁਕਾਬਲੇ ਵਿਚ ਇਕ ਹੋਰ ਸੱਤਾ ਉਭਰਨੀ ਸ਼ੁਰੂ ਹੋ ਗਈ। ਦਿੱਲੀ ਤਖ਼ਤ ਦੇ ਸਮਾਨਾਂਤਰ ਅਕਾਲ ਤਖ਼ਤ ਹੋਂਦ ਵਿਚ ਆਇਆ। ਦੁਨੀਆਵੀ ਹਕੂਮਤ ਦਾ ਮੁੱਖੀ ਪਾਤਸ਼ਾਹਿ ਅਖਵਾਉਂਦਾ ਸੀ। ਸਤਿਗੁਰੂ ਨੂੰ ਸੱਚਾ ਪਾਤਸ਼ਾਹਿ ਕਿਹਾ ਜਾਣ ਲਗ ਪਿਆ। ਪਰ ਇਕ ਸਵਾਲ ਸਾਹਮਣੇ ਸੀ। ਜੇਹੇ ਇਸ ਦੇਸ਼ ਵਿਚ ਪਾਤਸ਼ਾਹਿ ਦੀ ਕੋਈ ਵੀ ਨਵੀਂ ਬਣਤਰ ਬਣਨੀ ਹੈ ਤਾਂ ਉਹ ਕਿਵੇਂ ਹੋਵੇਗੀ? ਉਸ ਵਿਚ ਪਰੰਪਰਾ ਤੋਂ ਆਏ ਕਿਸੇ ਖਾਸ ਵਰਗ ਦਾ ਹੀ ਬੋਲ ਬਾਲਾ ਰਹੇਗਾ ਜਾਂ ਉਸ ਪਾਤਸ਼ਾਹੀ ਵਿਚ ਉਨ੍ਹਾਂ ਲੋਕਾਂ ਦਾ ਵੀ ਕੁਝ ਦਖ਼ਲ ਰਹੇਗਾ, ਜੋ ਕਦੇ ਵੀ ਪਾਤਸ਼ਾਹੀ ਦੇ ਜਲਾਓ ਦੇ ਨੇੜੇ ਨਹੀਂ ਰਹੇ। ਪਰੰਪਰਾਵਾਦੀ ਵਿਵਸਥਾ ਇਸ ਬਾਰੇ ਬਹੁਤ ਲਚੀਲੀ ਰਹੀ ਸੀ। ਇੱਥੇ ਗੁਲਾਮੀ ਤਾਂ ਹਰ ਕੋਈ ਭੋਗ ਸਕਦਾ ਸੀ, ਪਰ ਪਾਤਸ਼ਾਹੀ ਸਿਰ ਕਸ਼ਤਰੀ ਦੇ ਹਿੱਸੇ ਵਿਚ ਆਉਂਦੀ ਸੀ। ਸਿੱਖ ਲਹਿਰ ਨੇ ਇਹ ਸਾਰੀਆਂ ਹੱਦਬੰਦੀਆਂ ਤੋੜ ਦਿੱਤੀਆਂ ਸਨ। ਗੁਰੂ ਘਰ ਵਿਚ ਨਾ ਸਿਰਫ ਨੀਵੀਆਂ ਸਮਝੀਆਂ ਜਾਣ ਵਾਲੀਆਂ ਹਿੰਦੂ ਜਾਤੀਆਂ ਦਾ ਪ੍ਰਵੇਸ਼ ਹੋ ਗਿਆ ਸੀ, ਮੁਸਲਮਾਨਾਂ ਨੂੰ ਵੀ ਅਪਣੱਤ ਤੇ ਇਜ਼ੱਤ ਵਾਲੀ ਥਾਂ ਮਿਲੀ ਸੀ। ਗੁਰੂ ਕੇ ਲੰਗਰ ਵਿਚ ਬ੍ਰਾਹਮਣ, ਖੱਤਰੀ ਦੇ ਨਾਲ ਸੂਦਰ ਜਾਤੀ ਦੇ ਚਮਾਰ ਵਿਚ ਬੈਠੇ ਹੋਏ, ਨਾਲ ਹੀ ਮੁਸਲਮਾਨ ਸ਼ਾਮਿਲ ਹੋਏ।

ਇਹ ਉਸ ਵੇਲੇ ਦੀ ਵੱਡੀ ਸਾਮਾਜਿਕ ਕ੍ਰਾਂਤੀ ਸੀ। ਪਹਾੜੀ ਰਾਜਪੂਤ ਰਾਜਿਆਂ ਦਾ ਗੁਰੂ ਗੋਬਿੰਦ ਸਿੰਘ ਜੀ ਨਾਲ ਜਿਹੜਾ ਇਨ੍ਹਾਂ ਵਿਰੋਧ ਸੀ, ਉਸ ਪਿਛੇ ਇਕ ਕਾਰਣ ਇਹ ਵੀ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਪਾਤਸ਼ਾਹੀ ਦਾ ਸੁਪਨਾ ਉਨ੍ਹਾਂ ਲੋਕਾਂ ਦੀਆਂ ਅੱਖਾਂ ਵਿਚ ਵੀ ਲਟਕਾ ਦਿੱਤਾ ਸੀ, ਜਿਸ ਨੂੰ ਰਾਜਪੂਤ ਰਾਜੇ ਘਰ ਵਿਚ ਪਾਣੀ ਭਰਨ ਦੇ ਯੋਗ ਨਹੀਂ ਸਨ ਸਮਝਦੇ। ਸ੍ਰੀ ਦਸਮ ਗ੍ਰੰਥ ਵਿਚ ਪੰਡਿਤ ਕੇਸ਼ੋ ਦਾਸ ਦਾ ਜ਼ਿਕਰ ਆਉਂਦਾ ਹੈ। ਜਿਸ ਨੂੰ ਇਕ ਗੱਲ ਤੋਂ ਬੜਾ ਕਸ਼ਟ ਸੀ ਕਿ ਗੁਰੂ ਸਾਹਿਬ ਨੇ ਸ਼ੂਦਰ ਸਮਝੀਆਂ ਜਾਣ ਵਾਲੀਆਂ ਸ਼੍ਰੇਣੀਆਂ ਨੂੰ ਆਪਣੇ ਪੰਥ ਵਿਚ ਇੰਨੀ ਉੱਚੀ ਥਾਂ ਦੇ ਦਿਤੀ ਹੈ। 'ਸੇਵ ਕਰੀ ਇਨਹੀ ਕੀ ਭਾਵਤ' ਅਤੇ 'ਜੁੱਧ ਜਿਤੇ ਇਨਹੀ ਕੇ ਪ੍ਰਸਾਦਿ' ਵਾਲੇ ਦੋ ਸਵੈਯੇ ਦਸਮ ਗੁਰੂ ਦੀ ਸੋਚ ਨੂੰ ਪ੍ਰਗਟਾਉਣ ਵਾਲੇ ਹਨ, ਜਿੱਥੇ ਉਹ ਆਖਦੇ ਹਨ ਕਿ ਮੈਂ ਤਾਂ ਇਨ੍ਹਾਂ ਲੋਕਾਂ ਦਾ ਹੀ ਸਜਾਇਆ ਹੋਇਆ ਹਾਂ, ਨਹੀਂ ਤਾਂ ਮੇਰੇ ਵਰਗੇ ਕਰੋੜਾਂ ਗਰੀਬ ਦੁਨੀਆਂ ਵਿਚ ਪਏ ਹੋਏ ਹਨ। ਗੁਰੂ ਗੋਬਿੰਦ ਸਿੰਘ ਜੀ ਉਨ੍ਹਾਂ ਲੋਕਾਂ ਲਈ ਪਾਤਸ਼ਾਹੀ ਦਾ ਰਾਜ ਖੋਲ੍ਹ ਰਹੇ ਸਨ ਜਿਹੜੇ ਆਪਣੇ ਹੀਣ ਜਾਂ ਛੋਟੇ ਹੋਣ ਦੇ ਬੋਧ ਨੂੰ ਦੋ ਪਾਸਿਓਂ ਝੱਲ ਰਹੇ ਸਨ। ਹਿੰਦੂ ਸਮਾਜ ਵਿਵਸਥਾ ਵਿਚ ਉਹ ਸ਼ੂਦਰ ਜਾਂ ਨੀਚ ਜਾਤ ਦੇ ਸਨ ਅਤੇ ਹੁਕਮਰਾਨ ਮੁਸਲਮਾਨ ਲਈ ਉਹ ਗੁਲਾਮ ਹਿੰਦੂ ਸਨ। ਅਜਿਹੇ ਹੀਣਤਾ ਭਾਵ ਨਾਲ ਭਰੇ ਲੋਕਾਂ ਨੂੰ ਆਪਣੇ ਅਧਿਕਾਰਾਂ ਲਈ ਲੜਨ ਵਾਸਤੇ ਤਿਆਰ ਕਰਨਾ ਕੇਵਲ ਉਸ ਸ਼ਖ਼ਸੀਅਤ ਦਾ ਕੰਮ ਸੀ, ਜਿਸ ਦੀ ਜੀਵਨ ਦ੍ਰਿਸ਼ਟੀ ਵਿਚ ਨਵੇਂ ਮਨੁੱਖ ਤੇ ਨਵੀਂ ਸਮਾਜ ਵਿਵਸਥਾ ਨੂੰ ਸਿਰਜਣ ਦਾ ਸੰਕਲਪ ਹੋਵੇ। ਗਿਆਨੀ ਗਿਆਨ ਸਿੰਘ ਰਚਿਤ "ਪੰਥ ਪ੍ਰਕਾਸ਼" ਵਿਚ ਜ਼ਿਕਰ ਆਉਂਦਾ ਹੈ। ਇਕ ਦਿਨ ਗੁਰੂ ਸਾਹਿਬ ਅੱਗੇ ਸੰਗਤ ਨੇ ਆ ਕੇ ਪੁਕਾਰ ਕੀਤੀ, ਕਿ ਸਾਨੂੰ ਤੁਰਕ ਬੜਾ ਦੁਖੀ ਕਰਦੇ ਹਨ। ਆਪ ਲਈ ਅਸੀਂ ਜਿਹੜਾ ਦਸਵੰਦ ਲਿਆਂਉਂਦੇ ਹਾਂ, ਰਾਹ ਵਿਚ ਤੁਰਕ ਉਹ ਸਾਰਾ ਸਾਡੇ ਕੋਲੋਂ ਖੋਹ ਲੈਂਦੇ ਹਨ। ਸਾਡੇ ਵਿਚ ਇਤਫਾਕ ਵੀ ਨਹੀਂ, ਜਿਸ ਨਾਲ ਅਸੀਂ ਉਨ੍ਹਾਂ ਤੋਂ ਬਚ ਸਕੀਏ। ਇਹ ਗੱਲ ਸੁਣਕੇ ਸਿੱਖ ਬੜੇ ਅਧੀਰ ਹੋ ਗਏ। ਉਹ ਕਹਿਣ ਲਗੇ ਮੁਗਲ, ਪਠਾਣ ਬੜੇ ਵੀਰ ਹਨ, ਸ਼ਸਤਰ ਵਿਦਿਆ ਦੇ ਗਿਆਤਾ ਹਨ। ਅਸੀਂ ਉਨ੍ਹਾਂ ਦੇ ਸਾਹਮਣੇ ਬੱਚਿਆਂ ਵਾਂਗ ਅਗਿਆਨੀ ਹਾਂ। ਅਸੀਂ ਮੋਠ ਬਾਜਰਾ ਖਾਂਦੇ ਹਾਂ ਉਹ ਸ਼ਰਾਬ ਕਬਾਬ ਉਡਾਂਦੇ ਹਨ। ਉਹ ਬਾਜ ਬਘਿਆੜ ਵਰਗੇ ਹਨ, ਅਸੀਂ ਉਨ੍ਹਾਂ ਸਾਹਮਣੇ ਬੱਕਰੀ, ਚਿੱੜੀ, ਤਿੱਤਰ ਵਰਗੇ ਹਾਂ। ਅਸੀਂ ਉਨ੍ਹਾਂ ਨਾਲ ਕਿਵੇਂ ਲੜ ਸਕਦੇ ਹਾਂ? ਅਸੀਂ ਤਾਂ ਉਨ੍ਹਾਂ ਨੂੰ ਵੇਖ ਕੇ ਹੀ ਕੰਬਣ ਲਗ ਪੈਂਦੇ ਹਾਂ।

ਇਹ ਸੁਣਕੇ ਗੁਰੂ ਸਾਹਿਬ ਨੇ ਵਿਚਾਰਿਆ ਕਿ ਇਹ ਸਿੱਖ ਤੁਰਕਾਂ ਕੋਲੋਂ ਕਿਉਂ ਡਰਦੇ ਹਨ। ਇਕ ਤਾਂ ਇਹ ਗਰੀਬ ਹਨ, ਦੂਜੇ ਇਨ੍ਹਾਂ ਦੇ ਨਾਂ ਵੀ ਬੜੇ ਦੱਬੂ ਕਿਸਮ ਦੇ ਹਨ, ਰੂਪਾ, ਭੂਪਾ, ਕੀੜੂ, ਕਾਲੂ, ਮੰਨਾ, ਧੰਨਾ, ਗੇਧਾ, ਲਾਲੂ ਵਰਗੇ। ਤੀਜਾ ਇਨ੍ਹਾਂ ਦੀਆਂ ਜਾਤੀਆਂ ਦਾ ਅਹਿਸਾਸ ਵੀ ਇਨ੍ਹਾਂ ਨੂੰ ਛੋਟਾ ਬਣਾ ਦਿੰਦਾ ਹੈ। ਗੁਰੂ ਸਾਹਿਬ ਨੇ ਸੋਚਿਆ ਕਿ ਇਨ੍ਹਾਂ ਤੋਂ ਪੁਰਾਣੇ ਜਾਤੀ ਕਰਮ ਛੁਡਵਾ ਕੇ ਇਨ੍ਹਾਂ ਵਿਚ ਕਸ਼ਤਰੀਆਂ ਵਾਲਾ ਤੇਜ ਭਰਨਾ ਚਾਹੀਦਾ ਹੈ। ਜਦੋਂ ਇਨ੍ਹਾਂ ਨੂੰ ਕਸ਼ਤਰੀਆਂ ਵਾਲਾ ਸਿੰਘ ਨਾਂ ਮਿਲੇਗਾ ਤਾਂ ਇਨ੍ਹਾਂ ਵਿਚ ਬੀਰ ਰਸ ਦਾ ਰੰਗ ਚੜ੍ਹ ਜਾਏਗਾ। ਇਨ੍ਹਾਂ ਨੂੰ ਸ਼ਿਕਾਰ ਖੇਡਣਾ ਸਿਖਣਾ ਚਾਹੀਦਾ ਹੈ। ਇਨ੍ਹਾਂ ਨੂੰ ਜੰਗ ਕਰਨ ਦੀ ਮੱਤ ਦੇਣੀ ਚਾਹੀਦੀ ਹੈ। ਨਾਲ ਹੀ ਮੈਂ ਹਿੰਦੂਆਂ ਤੇ ਤੁਰਕਾਂ ਦੋਨਾਂ ਤੋਂ ਨਿਆਰੇ ਖ਼ਾਲਸਾ ਪੰਥ ਦੀ ਸਾਜਨਾ ਕਰਾਂਗਾ। ਇਹ ਖ਼ਾਲਸਾ ਮਹਾਂ ਤੇਜਸਵੀ ਹੋਵੇਗਾ, ਲੜਨ ਮਰਨ ਤੋਂ ਉਸਨੂੰ ਲਾਜ ਨਹੀਂ ਆਵੇਗੀ। ਜਿਵੇਂ ਸਾਰੇ ਲੋਕੀਂ ਵੱਡੀਆਂ ਉੱਗਲਾਂ ਛੱਡ ਕੇ ਨਿੱਕੀ ਉੱਗਲ ਵਿਚ ਮੁੰਦਰੀ ਪਾ ਕੇ ਉਸਨੂੰ ਸਨਮਾਨ ਦਿੰਦੇ ਹਨ, ਮੈਂ ਵੀ ਨਿੱਕੀਆਂ ਜਾਤਾਂ ਨੂੰ ਰਾਜ ਵੈਭਵ ਦੇ ਕੇ ਵੱਡਾ ਬਣਾਵਾਂਗਾ। ਜਿਨ੍ਹਾਂ ਦੀ ਜਾਤਿ ਅਤੇ ਕੁਲ ਵਿਚ ਕਦੀਂ ਵੀ ਸਰਦਾਰੀ ਨਹੀਂ ਆਈ ਮੈਂ ਇਨ੍ਹਾਂ ਨੂੰ ਸਰਦਾਰ ਬਣਾਵਾਂਗਾ। ਭਾਈ ਰਤਨ ਸਿੰਘ ਭੰਗੂ ਬੜੀਆਂ ਸਾਰੀਆਂ ਜਾਤਾਂ ਦੇ ਨਾਂ ਗਿਣਾਏ ਹਨ ਜਿਹੜੇ ਸਦੀਆਂ ਤੋਂ ਰਾਜਨੀਤੀ ਤੋਂ ਦੂਰ ਹਨ, ਜਿਨ੍ਹਾਂ ਦੇ ਸੁਪਨੇ ਵਿਚ ਵੀ ਪਾਤਸ਼ਾਹੀ ਦਾ ਨਾਂ ਨਹੀਂ ਸੀ ਆਉਂਦਾ। ਇਨ੍ਹਾਂ ਸਾਰੀਆਂ ਜਾਤਾਂ ਦੇ ਲੋਕੀਂ ਸਿੱਖੀ ਦੇ ਕਲਾਵੇ ਵਿਚ ਆਏ ਸਨ। ਉਸ ਵੇਲੇ ਦੀ ਸਾਮਾਜਿਕ ਬਣਤਰ ਵਿਚ ਇਹ ਨਾ ਸਿਰਫ ਗਰੀਬ ਸਨ। ਸਗੋਂ ਧ੍ਰਤਕਾਰੇ ਹੋਏ ਲੋਕੀਂ ਸਨ। ਇਨ੍ਹਾਂ ਦੇ ਹੱਥਾਂ ਵਿਚ ਤਲਵਾਰ ਫੜਾ ਕੇ ਇਹ ਆਤਮ ਵਿਸ਼ਵਾਸ ਪੈਦਾ ਕਰਨਾ ਕੀ ਦੁਨੀਆਂ ਦੀ ਵੱਡੀ ਤੋਂ ਵੱਡੀ ਤਾਕਤ ਦਾ ਮੁਕਾਬਲਾ ਕਰ ਸਕਦੇ ਹੋ, ਇਕ ਇਕ ਬਹੁਤ ਵੱਡਾ ਚਮਤਕਾਰ ਸੀ। ਉਸ ਵੇਲੇ ਸੱਤਾ ਜਾਂ ਤਾਂ ਮੁਗਲਾਂ–ਪਠਾਣਾਂ ਦੇ ਹੱਥ ਵਿਚ ਸੀ ਜਾਂ ਰਾਜਪੂਤਾਂ ਦੇ ਹੱਥ ਵਿਚ। ਗੁਰੂ ਗੋਬਿੰਦ ਸਿੰਘ ਜੀ ਨੇ ਗਰੀਬੜੇ, ਪੱਛੜੀ ਤੇ ਦਲਿਤ ਜਾਤੀਆਂ ਦੇ ਸਿੰਘ ਸਜੇ ਸੂਰਮਿਆਂ ਨੂੰ ਇਨ੍ਹਾਂ ਨਾਲ ਮੁਕਾਬਲਾ ਕਰਨਾ ਪਿਆ। ਆਰੰਭ ਵਿਚ ਇਨ੍ਹਾਂ ਆਮ ਲੋਕਾਂ ਨੂੰ ਇਹ ਭਰੋਸਾ ਨਹੀਂ ਸੀ ਕਿ ਉਹ ਉਨ੍ਹਾਂ ਦੇ ਸਾਹਮਣੇ ਖੜੇ ਵੀ ਹੋ ਸਕਣਗੇ। ਇਨ੍ਹਾਂ ਆਮ ਲੋਕਾਂ ਦੀ ਹੀਣ ਭਾਵਨਾ ਦੂਰ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਦਾ ਮਨੋਵਿਗਿਆਨਕ ਇਲਾਜ ਕੀਤਾ। ਉਨ੍ਹਾਂ ਦੇ ਸ਼ਾਂਤ ਰੂਪ ਚਰਣ ਪਾਹੁਲ ਨੂੰ ਖੰਡੇ ਬਾਟੇ ਦੇ ਅੰਮ੍ਰਿਤ ਪਾਹੁਲ ਵਿਚ ਬਦਲ ਦਿੱਤਾ। ਸੇਲੀ ਟੋਪੀ ਨੂੰ ਹਟਾ ਕੇ ਪਗੜੀ–ਦਸਤਾਰ ਸਜਾਉਣ ਦੀ ਪ੍ਰਥਾ ਚਲਾ ਦਿੱਤੀ। ਸਿਰ ਤੇ ਕੇਸ ਰੱਖਣ ਦੀ ਆਗਿਆ ਦਿੱਤੀ। ਹੱਥ ਵਿਚ ਲੋਹੇ ਦਾ ਕੜਾ ਪੁਆਇਆ। ਗੁਰੂ ਗੋਬਿੰਦ ਸਿੰਘ ਜੀ ਨੇ ਤਿੰਨ ਸੌ ਪੰਜ ਸਾਲ ਪਹਿਲਾਂ ਜਿਸ ਢੰਗ ਦੀ ਸਮਾਜ ਬਣਤਰ ਦਾ ਸੰਕਲਪ ਕੀਤਾ ਸੀ, ਅਜੋਕੀ ਸੋਚ ਉਸੇ ਸੇਧ ਵਲ ਜਾ ਰਹੀ ਹੈ। ਸਮਾਜਿਕ, ਸਮਤਾ ਨਿਆਂ ਅਤੇ ਪਿਛੜੀਆਂ ਸ਼੍ਰੇਣੀਆਂ ਨੂੰ ਅੱਗੇ ਵੱਧਣ, ਸਮਾਜ ਤੇ ਰਾਜ ਵਿਵਸਥਾ ਵਿਚ ਹਿੱਸੇਦਾਰੀ ਪ੍ਰਾਪਤ ਕਰਨ ਦੇ ਜਿਹੜੇ ਸਿਧਾਂਤ ਅਜੋਕੀ ਦੁਨੀਆ ਦੇ ਆਦਰਸ਼ ਬਣਦੇ ਜਾ ਰਹੇ ਹਨ, ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਜੀਵਨ ਦ੍ਰਿਸ਼ਟੀ ਰਾਹੀਂ ਨਾ ਕੇਵਲ ਉਨ੍ਹਾਂ ਨੂੰ ਉਸਾਰਿਆ ਸਗੋਂ ਉਨ੍ਹਾਂ ਦੀ ਪ੍ਰਾਪਤੀ ਲਈ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ।



**ਅਮਰਜੀਤ ਸਿੰਘ**

# ਖਾਲਸੇ ਦੀ ਸਾਜਣਾ – ਇਕ ਇਨਕਲਾਬੀ ਕਾਰਜ



ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਉਪਰੰਤ, ਇੱਥੇ ਮੁਸਲਮਾਨ ਇਤਿਹਾਸਕਾਰ ਗੁਲਾਮ ਮੁਹੰਮਦ ਅਨੁਸਾਰ, ਔਰੰਗਜ਼ੇਬ ਨੇ ਡੰਕੇ ਦੀ ਚੋਟ ਨਾਲ ਐਲਾਨ ਕਰਵਾ ਦਿੱਤਾ ਕਿ ਜੋ ਵੀ ਗੁਰੂ ਜੀ ਦੀ ਦੇਹ ਨੂੰ ਚੁਕਦਾ ਫੜਿਆ ਗਿਆ, ਉਸ ਦੇ ਚਾਰ ਟੋਟੇ ਕਰਕੇ ਇੱਕ ਇੱਕ ਟੋਟਾ ਦਿੱਲੀ ਸ਼ਹਿਰ ਦੇ ਚਹੁੰ ਦਰਵਾਜ਼ਿਆਂ 'ਤੇ ਟੰਗ ਦਿੱਤੇ ਜਾਣਗੇ। ਇਸ ਦੇ ਬਾਵਜੂਦ ਇੱਕ ਸਿੱਖ ਸੇਵਕ ਭਾਈ ਜੈਤਾ ਜੀ ਨੇ ਗੁਰੂ ਜੀ ਦਾ ਸੀਸ ਚੁੱਕ ਆਨੰਦਪੁਰ ਸਾਹਿਬ ਜਾ ਗੁਰੂ ਗੋਬਿੰਦ ਸਿੰਘ ਜੀ ਦੇ ਪੇਸ਼ ਕਰ ਦਿੱਤਾ ਅਤੇ ਬਿਨਾਂ ਸੀਸ ਗੁਰੂ ਜੀ ਦਾ ਧੜ ਖੁੱਲ੍ਹੇ ਵਿੱਚ ਉਸੇ ਥਾਂ 'ਤੇ ਪਿਆ ਰਿਹਾ (ਇੱਥੇ ਅੱਜ ਕੱਲ੍ਹ ਗੁਰਦੁਆਰਾ ਸੀਸ ਗੰਜ ਸਥਾਪਤ ਹੈ) ਅਤੇ ਇਸ ਉਪਰ ਕਰੜਾ ਪਹਿਰਾ ਲਾ ਦਿੱਤਾ ਗਿਆ। ਸਭ ਸਿੱਖ ਆਪਣੇ ਆਪਣੇ ਘਰੀਂ ਛੁਪ ਗਏ ਅਤੇ ਕਿਸੇ ਨੇ ਸਿੱਖ ਹੋਣ ਦਾ ਦਾਅਵਾ ਨਾ ਕੀਤਾ।

ਏਨੇ ਨੂੰ ਇੱਕ ਲੁਬਾਣਾ ਸਿੱਖ, ਭਾਈ ਲੱਖੀ ਸ਼ਾਹ ਵਣਜਾਰਾ ਸਰਕਾਰੀ ਠੇਕੇਦਾਰ ਲਾਲ ਕਿਲ੍ਹੇ ਵਿੱਚ ਆਪਣੇ ਗੱਡਿਆਂ ਉਪਰ ਲੱਦਿਆ ਮਾਲ ਉਤਾਰਨ ਪੁੱਜਾ ਤੇ ਉਸ ਨੇ ਇਸ ਵਾਰਦਾਤ ਬਾਰੇ ਸੁਣਿਆ। ਉਸ ਦਾ ਮਨ ਬੜਾ ਦੁਖੀ ਹੋਇਆ। ਉਸ ਨੇ ਇਸ ਐਲਾਨ ਨੂੰ ਪੂਰੀ ਸਿੱਖ ਕੌਮ ਲਈ ਚੁਣੌਤੀ ਸਮਝੀ। ਉਸ ਨੇ ਫੈਸਲਾ ਕੀਤਾ ਕਿ ਉਹ ਗੁਰੂ ਜੀ ਦੀ ਦੇਹ ਲਿਜਾ ਕੇ ਉਸ ਦਾ ਆਦਰ ਸਹਿਤ ਸਸਕਾਰ ਕਰੇਗਾ। ਇਸ ਖਾਤਰ ਭਾਵੇਂ ਉਸ ਦੀ ਜਾਨ ਵੀ ਕਿਉਂ ਨਾ ਚਲੀ ਜਾਵੇ। ਉਸ ਨੇ ਇਸ ਕੰਮ ਲਈ ਇੱਕ ਤਰਕੀਬ ਬਣਾਈ ਅਤੇ ਇਸ ਬਾਰੇ ਆਪਣੇ ਬੰਦਿਆਂ ਨੂੰ ਚੰਗੀ ਤਰ੍ਹਾਂ ਸਮਝਾ ਦਿੱਤਾ, ਜਿਨ੍ਹਾਂ ਨੇ ਇਸ ਕਾਰਜ ਵਿੱਚ ਹਿੱਸਾ ਲੈਣਾ ਸੀ। ਲੱਖੀ ਸ਼ਾਹ ਨੇ ਆਪਣੇ ਸਾਰੇ ਗੱਡੇ ਕਿਲ੍ਹੇ ਵਿੱਚ ਖਾਲੀ ਕਰ ਦਿੱਤੇ, ਸਿਵਾਏ ਇੱਕ ਦੇ, ਜਿਸ ਵਿੱਚ ਕਪਾਹ ਲੱਦੀ ਹੋਈ ਸੀ। ਫੇਰ ਆਪਣੇ ਗੱਡਿਆਂ ਦਾ ਕਾਫਲਾ ਲੈ ਉਸ ਪਾਸੇ ਤੁਰ ਪਿਆ ਜਿਥੇ ਕਿ ਨੌਵੇਂ ਪਾਤਿਸ਼ਾਹ ਦਾ ਬਿਨਾਂ ਸੀਸ ਸਰੀਰ ਧਰਤੀ ਉਪਰ ਪਿਆ ਸੀ। ਗੱਡੇ ਤਰਕੀਬ ਅਨੁਸਾਰ ਤੇਜ਼ ਚਲ ਰਹੇ ਸਨ ਤੇ ਧੂੜ ਉਡਾਉਂਦੇ ਜਾਂਦੇ ਜਾ ਰਹੇ ਸਨ। ਚਾਂਦਨੀ ਚੌਂਕ ਦਾ ਇਲਾਕਾ ਉਨ੍ਹੀਂ ਦਿਨੀਂ ਕੱਚਾ ਹੁੰਦਾ ਸੀ। ਗਾਡੀਵਾਨਾਂ ਨੇ ਇੰਜ ਜਾਹਰ ਕੀਤਾ ਜਿਵੇਂ ਉਨ੍ਹਾਂ ਦੇ ਢੱਗੇ ਬੇਕਾਬੂ ਹੋ ਗਏ ਸਨ। ਇੰਜ ਉਡਦੀ ਧੂੜ ਨੇ ਮੁਗਲ ਸਿਪਾਹੀਆਂ ਨੂੰ ਆਪਣੀਆਂ ਅੱਖਾਂ ਮਲਣ ਤੇ ਨਾਲ ਹੀ ਪੂਰਾ ਹਟਣ ਲਈ ਮਜ਼ਬੂਰ ਕਰ ਦਿੱਤਾ। ਇਸ ਭਿਆਨਕ ਕਾਰਜ ਵਿੱਚ ਲੱਗੇ ਹੋਏ ਲੁਬਾਣਾ ਸਿੱਖ ਆਪਣੇ ਗੁਰੂ ਨੂੰ ਹੀ ਯਾਦ ਕਰਦੇ ਰਹੇ ਅਤੇ ਇਸ ਕੰਮ ਦੀ ਸਫਲਤਾ ਲਈ ਅਰਦਾਸ ਵੀ ਕਰਦੇ ਗਏ। ਏਨੇ ਵਿੱਚ ਹੀ ਲੱਖੀ ਸ਼ਾਹ ਨੇ ਆਪਣੇ ਪੁੱਤਰ ਨਿਗਾਹੀਆ ਦੀ ਮਦਦ ਨਾਲ ਗੁਰੂ ਜੀ ਦਾ ਧੜ ਕਪਾਹ ਵਾਲੇ ਗੱਡੇ ਵਿੱਚ ਰੱਖ ਕੇ ਲੁਕਾ ਛੁਪਾ ਦਿੱਤਾ ਅਤੇ ਇਸ ਗੱਡੇ ਨੂੰ ਫੁਰਤੀ ਨਾਲ ਆਪਣੇ ਘਰ ਰਾਇਸੀਨਾ ਪਿੰਡ ਲੈ ਗਏ (ਹੁਣ ਰਕਾਬ ਗੰਜ) ਜੋ ਕਿ ਕਿਲ੍ਹੇ ਤੋਂ ਕੋਈ ਚਾਰ ਮੀਲ ਦੀ ਵਾਟ 'ਤੇ ਸੀ।

ਘਰ ਪਹੁੰਚ ਕੇ ਲੱਖੀ ਨੇ ਗੁਰੂ ਜੀ ਦਾ ਧੜ ਆਦਰ ਨਾਲ ਮੰਜੇ 'ਤੇ ਪਾ ਦਿੱਤਾ। ਇਸ਼ਨਾਨ ਕਰਵਾ ਕੇ ਇਸ ਨੂੰ ਚੰਦਨ ਦੀ ਲਕੜੀ ਉੱਪਰ ਰੱਖ, ਖਾਲਸ ਘਿਉ ਸੁੱਟ, ਅਗਨ ਸਪੁਰਦ ਕਰ ਦਿੱਤਾ। ਅੱਧੀ ਕੁ ਦੇਹ ਸੜ ਜਾਣ ਪਿੱਛੋਂ ਲੱਖੀ ਸ਼ਾਹ ਨੇ ਦੁਹਾਈ ਪਾਉਣੀ ਸ਼ੁਰੂ ਕਰ ਦਿੱਤੀ: "ਮੇਰਾ ਘਰ ਸੜ ਰਿਹਾ ਹੈ: ਮਦਦ ਕਰੋ। ਕੋਈ ਬਹੁੜੇ।" ਸਕੀਮ ਬਿਲਕੁਲ ਸਫਲ ਰਹੀ।

ਆਪਣੀ ਜਾਨ ਜਾਂ ਮਾਲ ਖਾਤਰ ਨਹੀਂ ਬਲਕਿ ਗੁਰੂ ਜੀ ਦੀ ਕਿਸੇ ਤਰ੍ਹਾਂ ਦੀ ਬੇਅਦਬੀ ਨਾ ਹੋਣ ਤੋਂ ਬਚਾਉਣ ਲਈ ਲੱਖੀ ਸ਼ਾਹ ਇਹ ਕੰਮ ਖੁੱਲ੍ਹੇ ਤੌਰ 'ਤੇ ਨਹੀਂ ਸੀ ਕਰ ਸਕਦਾ।

ਉਧਰ ਜਦੋਂ ਧੂੜ ਥੋੜ੍ਹੀ ਬੈਠ ਗਈ ਤਾਂ ਮੁਗਲ ਪਹਿਰੇਦਾਰ ਵਾਪਸ ਆਪਣੇ ਡਿਊਟੀ ਸਥਾਨ 'ਤੇ ਆ ਗਏ ਅਤੇ ਇਹ ਵੇਖ ਕੇ ਗੁਰੂ ਜੀ ਦਾ ਧੜ ਉੱਥੇ ਨਹੀਂ ਸੀ, ਬੜੇ ਹੈਰਾਨ ਹੋਏ। ਗੱਡਿਆਂ ਦੇ ਕਾਫਲੇ 'ਤੇ ਸ਼ੱਕ ਕਰਦੇ ਉਨ੍ਹਾਂ ਵਿਚੋਂ ਕੁਝ ਨੇ ਉਧਰ ਆਪਣੇ ਘੋੜੇ ਭਜਾ ਦਿੱਤੇ ਅਤੇ ਗੱਡਿਆਂ ਨੂੰ ਰਾਹ ਵਿੱਚ ਹੀ ਜਾ ਘੇਰਿਆ। ਇਨ੍ਹਾਂ ਤੋਂ ਪੁੱਛ ਗਿੱਛ ਕੀਤੀ ਅਤੇ ਨਾਲ ਹੀ ਡਰਾਵੇ ਦਿੱਤੇ ਅਤੇ ਧਮਕਾਇਆ ਵੀ। ਪਰ ਲੁਬਾਣਾ ਸਿੱਖ, ਜਿਨ੍ਹਾਂ ਥਾਂ ਥਾਂ ਦਾ ਪਾਣੀ ਪੀਤਾ ਸੀ, ਸਫਰ ਦੀਆਂ ਔਕੜਾਂ ਪਾਰ ਕੀਤੀਆਂ ਹੋਈਆਂ ਸਨ, ਕਦੋਂ ਡਰਨ ਵਾਲੇ ਸਨ। "ਤੁਸੀਂ ਸਾਨੂੰ ਕਿਵੇਂ ਸਜ਼ਾ ਦੇ ਸਕਦੇ ਹੋ ਜਦੋਂ ਅਸੀਂ ਕੋਈ ਕਸੂਰ ਨਹੀਂ ਕੀਤਾ। ਸਾਨੂੰ ਤਾਂ ਇਸ ਬਾਰੇ ਕੁੱਝ ਪਤਾ ਹੀ ਨਹੀਂ।" ਗੱਡਿਆਂ ਦੀ ਤਲਾਸ਼ੀ ਵਿੱਚ ਵੀ ਕੁੱਝ ਨਹੀਂ ਮਿਲਿਆ। ਉਥੋਂ ਹੀ ਉਹ ਲੱਖੀ ਸ਼ਾਹ ਦੇ ਘਰ ਵੱਲ ਦੌੜ ਪਏ। ਉਥੇ ਜਾ ਕੇ ਕੀ ਵੇਖਦੇ ਹਨ ਕਿ ਉਸ ਦਾ ਘਰ ਸੜ ਰਿਹਾ ਹੈ ਤੇ ਉਹ ਰੋ ਪਿੱਟ ਰਿਹਾ ਸੀ। ਇੰਝ ਬੁੱਧੂ ਬਣ ਮੁਗ਼ਲ ਪਹਿਰੇਦਾਰ ਚਾਂਦਨੀ ਚੌਂਕ ਵਾਪਸ ਆ ਗਏ। ਅਗਲੀ ਸਵੇਰ ਗੁਰੂ ਜੀ ਦੀਆਂ ਅਸਥੀਆਂ ਚੁਣੀਆਂ ਗਈਆਂ। ਇਨ੍ਹਾਂ ਨੂੰ ਧੋ ਕੇ ਇੱਕ ਕੈਂਹ ਦੀ ਗਾਗਰ ਵਿੱਚ ਪਾ ਉਥੇ ਹੀ ਜ਼ਮੀਨ ਵਿੱਚ ਦੱਬ ਦਿੱਤਾ। ਇਸੇ ਸਥਾਨ 'ਤੇ ਅੱਜ ਕੱਲ ਗੁਰਦੁਆਰਾ ਰਕਾਬ ਗੰਜ ਸਾਹਿਬ ਸਥਾਪਤ ਹੈ ਜੋ ਕਿ ਸੰਸਦ ਭਵਨ ਦੇ ਨੇੜੇ ਹੀ ਹੈ।

ਇਹ ਸਾਰੀ ਵਿਥਿਆ ਭਾਈ ਲੱਖੀ ਸ਼ਾਹ ਵਣਜਾਰਾ ਨੇ ਗੁਰੂ ਗੋਬਿੰਦ ਸਿੰਘ ਦੇ ਦਰਸ਼ਨ ਕਰਨ ਲਈ ਆਨੰਦਪੁਰ ਸਾਹਿਬ ਗਏ ਹੋਇਆਂ ਨੇ ਸੁਣਾਈ। ਪਹਿਲਾਂ ਤਾਂ ਪੁੱਛਣ 'ਤੇ ਲੱਖੀ ਸ਼ਾਹ ਨੇ ਅਰਜ਼ ਕੀਤੀ ਕਿ ਸੱਚੇ ਪਾਤਿਸ਼ਾਹ ਤਾਂ ਜਾਣੀਜਾਣ ਹਨ, ਉਹ ਸਭ ਕੁਝ ਜਾਣਦੇ ਹਨ। ਪਰ ਗੁਰੂ ਜੀ ਇਹ ਸਾਰੀ ਘਟਨਾ ਨੂੰ ਲੱਖੀ ਸ਼ਾਹ ਦੀ ਜ਼ਬਾਨੀ ਸੁਣਨਾ ਚਾਹੁੰਦੇ ਸਨ। ਇਹ ਕਥਾ ਸੁਣਨ ਉਪਰੰਤ ਦਸਵੇਂ ਪਾਤਿਸ਼ਾਹ ਨੇ ਲੱਖੀ ਸ਼ਾਹ ਦੀ ਸੂਝ ਬੂਝ, ਦਲੇਰੀ ਅਤੇ ਨਿਆਰੇ ਤਰੀਕੇ ਦੀ ਕੁਰਬਾਨੀ ਦੀ ਸ਼ਲਾਘਾ ਕੀਤੀ। ਨਾਲ ਹੀ ਉਨ੍ਹਾਂ ਨੇ ਫੁਰਮਾਇਆ ਕਿ ਹੁਣ ਉਹ ਐਸਾ ਸਿੱਖ ਤਿਆਰ ਕਰਨਗੇ ਜੋ ਕਿ ਲੱਖਾਂ ਦੇ ਇਕੱਠ ਵਿਚ ਖਲੋਤਾ ਵੀ ਛੁਪ ਨਹੀਂ ਸਕੇਗਾ। ਸੋ ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਇੱਕ ਨਵਾਂ ਰੂਪ ਦੇਣ ਦੀ ਸੋਚੀ।

ਇਸ ਮੁੱਦੇ ਨੂੰ ਸਾਹਮਣੇ ਰੱਖਦਿਆਂ ਉਨ੍ਹਾਂ 30 ਮਾਰਚ 1699 ਦੀ ਇਤਿਹਾਸਕ ਵਿਸਾਖੀ ਵਾਲੇ ਦਿਨ ਆਪਣੇ ਸਿੱਖਾਂ ਨੂੰ ਆਨੰਦਪੁਰ ਸਾਹਿਬ ਇਕੱਠੇ ਹੋਣ ਲਈ ਪਰਵਾਨੇ ਭੇਜੇ। ਉਸ ਦਿਨ ਸੰਗਤਾਂ ਦੇ ਇਕੱਠੇ ਹੋਣ 'ਤੇ ਗੁਰੂ ਜੀ ਨੇ ਸਟੇਜ 'ਤੇ ਆ ਕੇ ਆਪਣੀ ਕਿਰਪਾਨ ਮਿਆਨ ਵਿਚੋਂ ਬਾਹਰ ਕੱਢੀ ਅਤੇ ਪੁਕਾਰਿਆ "ਮੈਨੂੰ ਅੱਜ ਇੱਕ ਸਿੱਖ ਦੇ ਸੀਸ ਦੀ ਲੋੜ ਹੈ। ਸੋ ਇੱਕ ਸਿੱਖ ਅੱਗੇ ਆ ਜਾਏ।" ਜਦੋਂ ਇੱਕ ਸਿੱਖ ਹੱਥ ਜੋੜ ਕੇ ਸਾਹਮਣੇ ਆ ਹਾਜ਼ਰ ਹੋਇਆ ਤਾਂ ਗੁਰੂ ਜੀ ਉਸ ਨੂੰ ਬਾਂਹ ਤੋਂ ਫੜ ਕੇ ਪਿੱਛੇ ਲੱਗੇ ਤੰਬੂ ਵਿੱਚ ਲੈ ਗਏ। ਅੰਦਰੋਂ ਤਲਵਾਰ ਚੱਲਣ ਦੀ ਆਵਾਜ਼ ਆਈ ਜਿਸ ਉਪਰੰਤ ਸ੍ਰੀ ਦਸਮੇਸ਼ ਪਿਤਾ ਲਹੂ ਨਾਲ ਭਰੀ ਕਿਰਪਾਨ ਹੱਥ ਵਿੱਚ ਲਈ ਬਾਹਰ ਸਟੇਜ ਉਤੇ ਆ ਗਏ। ਇੰਜ ਉਨ੍ਹਾਂ ਨੇ ਵਾਰੀ ਵਾਰੀ ਪੰਜ ਸਿੱਖਾਂ ਨੇ ਸੀਸ ਮੰਗੇ। ਇਨ੍ਹਾਂ ਪੰਜਾਂ ਨੂੰ ਨਵੇਂ ਪੁਸ਼ਾਕੇ ਪੁਆ, ਤੰਬੂ ਤੋਂ ਬਾਹਰ ਲਿਆਂਦਾ। ਇਹ ਪੰਜੇ ਸਿੱਖ ਭਾਰਤ ਦੇ ਵੱਖ ਵੱਖ ਹਿੱਸਿਆਂ ਅਤੇ ਵੱਖ ਵੱਖ ਜਾਤਾਂ 'ਚੋਂ ਸਨ। ਹੁਣ ਗੁਰੂ ਜੀ ਨੇ ਖੰਡੇ ਦਾ ਅੰਮ੍ਰਿਤ ਤਿਆਰ ਕਰੇ ਇਨ੍ਹਾਂ ਪੰਜਾਂ ਨੂੰ ਇੱਕੋ ਬਾਟੇ ਵਿੱਚੋਂ ਛਕਾਇਆ। ਇਨ੍ਹਾਂ ਨੂੰ 'ਸਿੰਘ' ਦਾ ਨਾਂ ਦਿੱਤਾ। ਫੇਰ ਗੁਰੂ ਜੀ ਨੇ ਖੁਦ ਇਨ੍ਹਾਂ ਪੰਜਾਂ ਤੋਂ ਅੰਮ੍ਰਿਤ ਛਕਿਆ ਅਤੇ ਗੋਬਿੰਦ ਰਾਏ ਤੋਂ ਗੁਰੂ ਗੋਬਿੰਦ ਸਿੰਘ ਬਣ ਗਏ। ਇਸ ਉਪਰੰਤ ਦਸ਼ਮੇਸ਼ ਪਿਤਾ ਨੇ ਇਕੱਠ ਨੂੰ ਇੱਕ ਮੁਗਲ ਦਰਬਾਰ ਦੇ ਅਖਬਾਰ ਨਵੀਸ ਗੁਲਾਮ ਮੋਹੀ–ਉ–ਦੀਨ ਅਨੁਸਾਰ ਇੰਜ ਸੰਬੋਧਨ ਕੀਤਾ: ਮੈਂ ਚਾਹੁੰਦਾ ਹਾਂ ਕਿ ਤੁਸੀਂ ਸਾਰੇ ਇੱਕ ਮਤ ਦੇ ਧਾਰਨੀ ਹੋ ਕੇ ਇਕੋ ਰਾਹ 'ਤੇ ਚੱਲੋ ਅਤੇ ਸਾਰੇ ਮਤਭੇਦ ਮਿਟਾ ਦਿਓ। ਚਾਰ ਵਰਣਾਂ, ਜਿਨ੍ਹਾਂ ਦੇ ਅਸੂਲ ਵੱਖ ਵੱਖ ਹਨ, ਤਿਆਗ ਕੇ ਆਪਸ ਵਿੱਚ ਮਿਲਵਰਤਣ ਅਤੇ ਇੱਕ ਦੂਜੇ ਨਾਲ ਖੁੱਲ੍ਹਮ ਖੁੱਲ੍ਹਾ ਮਿਲਾਪ ਕਰੋ। ਗੰਗਾ ਅਤੇ ਜਮਨਾ ਵੱਲ ਧਿਆਨ ਨਾ ਦਿਓ, ਗੁਰੂ ਨਾਨਕ ਅਤੇ ਉਨ੍ਹਾਂ ਦੇ ਵਾਰਸਾਂ ਵਿੱਚ ਯਕੀਨ ਲਿਆਓ। ਸਭ ਜਾਤਾਂ ਵਾਲੇ ਅੰਮ੍ਰਿਤ ਛਕ, ਇੱਕ ਭਾਂਡੇ ਵਿਚੋਂ ਖਾ, ਆਪਸੀ ਪਿਆਰ ਵਧਾਓ। ਕਿਸੇ ਵਲ ਨਫ਼ਰਤ ਦੀ ਦ੍ਰਿਸ਼ਟੀ ਨਾ ਰੱਖੋ।" ਅੰਮ੍ਰਿਤ ਛਕਣ ਵਾਲੇ ਸਿੱਖਾਂ ਲਈ ਪੰਜ ਕਕਾਰਾਂ ਦੇ ਧਾਰਨੀ ਹੋਣ ਨੂੰ ਲਾਜ਼ਮੀ ਕਰਾਰ ਕੀਤਾ। ਇਹ ਕਕਾਰ ਹਨ: ਕੇਸ, ਕੰਘਾ, ਕੜਾ, ਕੱਛਾ ਅਤੇ ਕਿਰਪਾਨ। ਤਨ ਦੇ ਕਿਸੇ ਭਾਗ ਦੇ ਵਾਲ (ਕੇਸ) ਨਾ ਕਟਵਾਉਣਾ। ਕੇਸ ਜੋ ਕਿ ਪਵਿੱਤਰਤਾ ਦੇ ਪ੍ਰਤੀਕ ਹਨ, ਕੰਘਾ ਇਨ੍ਹਾਂ ਨੂੰ ਸਾਫ ਕਰਨ ਲਈ, ਕੜਾ ਲੋਹੇ ਦਾ ਹੋਣਾ ਚਾਹੀਦਾ ਹੈ, ਸੋਨੇ ਦਾ ਨਹੀਂ। ਸੋਨੇ ਦਾ ਕੜਾ ਫੈਸ਼ਨ ਹੈ ਅਤੇ ਲੋਹੇ ਦਾ ਸਿਧਾਂਤਕ ਹੈ। ਇੰਝ ਗੁਰੂ ਸਾਹਿਬ ਨੇ ਖ਼ਾਲਸਾ ਦੀ ਸਿਰਜਨਾ ਕੀਤੀ।

**ਹਰਬੰਸ ਸਿੰਘ**

# 'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ'

ਸ੍ਰੀ ਗੁਰੂ ਗੋਬਿੰਦ ਸਿੰਘ ਇਕ ਪ੍ਰਤਿਭਾ ਸੰਪੰਨ ਵੀਰ ਯੋਧਾ, ਸ੍ਰੇਸ਼ਠ ਕਵੀ, ਉੱਚ ਕੋਟੀ ਦੇ ਸਾਹਿਤਕਾਰ, ਸਮਾਜ ਸੁਧਾਰਕ ਸਨ ਜਿਨ੍ਹਾਂ ਨੇ ਆਪਣੇ ਜੀਵਨ ਵਿਚ ਅਜਿਹੇ ਮਹਾਨ ਕਾਰਜ ਕੀਤੇ ਜਿਨ੍ਹਾਂ ਦੀ ਉਦਾਹਰਣ ਸਮੁੱਚੇ ਵਿਸ਼ਵ ਵਿਚ ਪ੍ਰਾਪਤ ਨਹੀਂ ਹੁੰਦੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਦੀ ਵਿਸਾਖੀ ਵਾਲੇ ਦਿਨ ਖ਼ਾਲਸਾ ਪੰਥ ਦੀ ਸਾਜਣਾ ਕੀਤੀ ਸੀ। ਇਕ ਨਵੇਂ ਸਮਾਜ ਦਾ ਨਿਰਮਾਣ ਕੀਤਾ ਸੀ। ਇਕ ਨਵੀਂ ਦਿਸ਼ਾ, ਇਕ ਨਵੀਂ ਚੇਤਨਾ ਪੈਦਾ ਕੀਤੀ ਸੀ। ਸਿੱਖਾਂ ਦਾ ਆਪਣਾ ਗੌਰਵਮਈ ਇਤਿਹਾਸ ਹੈ। ਸਿੱਖ ਦਰਸ਼ਨ ਵਿਸ਼ਵ ਵਿਚ ਆਪਣਾ ਵਿਸ਼ੇਸ਼ ਅਸਤਿੱਤਵ ਰੱਖਦਾ ਹੈ। ਸਿੱਖ ਦਰਸ਼ਨ ਵਿਚ ਵਿਸ਼ਵ–ਵਿਆਪੀ ਚੇਤਨਾ ਮੌਜੂਦ ਹੈ। ਜਿਸ ਦੀ ਨੀਂਹ ਸਾਹਿਬ ਸ੍ਰੀ ਗੁਰੂ ਨਾਲਕ ਦੇਵ ਜੀ ਨੇ ਵੇਈਂ ਨਦੀ ਦੇ ਪ੍ਰਵੇਸ਼ ਸਮੇਂ 'ਨਾ ਕੋ ਹਿੰਦੂ ਨਾ ਮੁਸਲਮਾਨ' ਕਹਿ ਕੇ ਰਖੀ ਸੀ। ਰੱਬੀ ਏਕਤਾ, ਮਨੁੱਖੀ ਸਮਾਨਤਾ ਅਤੇ ਮਨੁੱਖੀ ਭਾਈਚਾਰੇ ਦਾ ਸੰਦੇਸ਼ ਦਿੱਤਾ ਸੀ। ਗੁਰੂ ਸਾਹਿਬ ਨੇ 'ਮਨ ਤੂ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ' ਕਹਿਕੇ ਉਸੀ ਅਕਾਲ ਪੁਰਖ ਨੇ ਇਸ ਸੰਸਾਰ ਵਿਚ ਸਭਨਾ ਨੂੰ ਪੈਦਾ ਕੀਤਾ ਹੈ ਅਤੇ ਆਪਣੇ ਆਪ ਨੂੰ ਪਛਾਣਨ ਉੱਤੇ ਬਲ ਦਿੱਤਾ। ਇਸੇ ਤਰ੍ਹਾਂ ਬਾਕੀ ਗੁਰੂ ਸਾਹਿਬਾਨਾਂ ਨੇ ਵੀ ਅਕਾਲ ਪੁਰਖ ਦੀ ਅਪਾਰ ਕ੍ਰਿਪਾ, ਮਨੁੱਖੀ ਏਕਤਾ ਅਤੇ ਮਨੁੱਖੀ ਭਾਈਚਾਰੇ ਦਾ ਵਿਸ਼ਵ–ਵਿਆਪੀ ਸੰਦੇਸ਼ ਦਿੱਤਾ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਰਾਜਨੀਤਿਕ, ਧਾਰਮਕ, ਸਮਾਜਿਕ ਅਵਸਥਾ ਕਾਫੀ ਚਿੰਤਾਜਨਕ ਹੈ। ਉਸ ਸਮੇਂ ਦੇਸ਼ ਵਿਚ ਔਰੰਗਜੇਬ ਦਾ ਰਾਜ ਸੀ। ਉਹ ਆਪਣੀ ਮਨਮਾਨੀ ਕਰ ਰਿਹਾ ਸੀ। ਲੋਕਾਂ ਉਪਰ ਤਰ੍ਹਾਂ ਤਰ੍ਹਾਂ ਦੇ ਅਤਿਆਚਾਰ ਕਰਕੇ ਹਿੰਦੂਆਂ ਨੂੰ ਮੁਸਲਮਾਨ ਬਣਾ ਰਿਹਾ ਸੀ। ਜਨਤਾ ਉਸ ਦੇ ਅਤਿਆਚਾਰਾਂ ਤੋਂ ਬਹੁਤ ਤੰਗ ਆ ਚੁੱਕੀ ਸੀ। ਬੜਾ ਭਿਆਨਕ ਸਮਾਂ ਸੀ। ਉਸ ਸਮੇਂ ਇਕ ਮਹਾਨ ਵੀਰ ਯੋਧਾ ਦੀ ਲੋੜ ਸੀ ਜਿਹੜਾ ਦੇਸ਼, ਧਰਮ, ਕੌਮ ਲਈ ਲੜ ਮਰ ਸਕੇ। ਐਸੀ ਦਰਦਨਾਕ ਸਥਿਤੀ ਵਿਚ ਗੁਰੂ ਸਾਹਿਬ ਨੇ ਖ਼ਾਲਸਾ ਪੰਥ ਦੀ 1699 ਦੀ ਵਿਸਾਖੀ ਵਾਲੇ ਪਵਿੱਤਰ ਦਿਹਾੜੇ ਸਿਰਜਣਾ ਕੀਤੀ। ਵਿਸ਼ਾਲ ਸਮਾਰੋਹ ਵਿਚ ਪੰਜ ਸਿੰਘਾਂ – ਭਾਈ ਦਯਾ ਸਿੰਘ, ਭਾਈ ਧਰਮ ਸਿੰਘ, ਭਾਈ ਮੋਹਕਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਸਾਹਿਬ ਸਿੰਘ ਜੀ ਨੂੰ ਅੰਮ੍ਰਿਤਪਾਨ ਕਰਵਾਇਆ ਗਿਆ। ਪਰਮ ਪਿਤਾ ਨੇ ਇਨ੍ਹਾਂ ਨੂੰ ਗਲੇ ਲਗਾ ਕੇ ਇਨ੍ਹਾਂ ਨੂੰ 'ਪਿਆਰੇ' ਸ਼ਬਦ ਨਾਲ ਸੰਬੋਧਨ ਕੀਤਾ। ਇਨ੍ਹਾਂ ਤੋਂ ਆਪ ਵੀ ਅੰਮ੍ਰਿਤ ਛੱਕਿਆ।

ਖ਼ਾਲਸਾ ਪੰਥ ਦੀ ਸਿਰਜਣਾ ਦਾ ਪ੍ਰਭਾਵ ਸਮੁੱਚੇ ਦੇਸ਼ ਵਿਚ ਪਿਆ। ਗੁਰੂ ਸਾਹਿਬ ਨੇ ਡਿੱਗੀ ਹੋਈ ਕੌਮ ਦੀ ਮੁਰਦਾ ਰੂਹ ਵਿਚ ਇਕ ਅਜਿਹਾ ਜੋਸ਼ ਪੈਦਾ ਕੀਤਾ ਜੋ ਭਾਰਤ ਵਰਸ਼ ਵਿਚ ਧਾਰਮਕ ਅਤੇ ਰਾਜਸੀ ਕ੍ਰਾਂਤੀ ਪੈਦਾ ਕਰਨ ਵਾਲਾ ਸੀ। ਗੁਰੂ ਸਾਹਿਬ ਨੇ ਦੀਨ ਹੀਨ ਅਤੇ ਦਲਿਤ ਜਨਤਾ ਵਿਚ ਉਹ ਜੋਸ਼ ਸ਼ਕਤੀ ਪੈਦਾ ਕਰ ਦਿੱਤੀ, ਇਕ ਨਵੀਨ ਚੇਤਨਾ ਭਰ ਦਿੱਤੀ ਜਿਸ ਦਾ ਸੰਗਠਨ ਪਾ ਕੇ ਉਹ ਖ਼ਾਲਸਾ ਫੌਜ ਔਰੰਗਜ਼ੇਬ ਦੇ ਅਤਿਆਚਾਰਾਂ ਦੇ ਵਿਰੁੱਧ ਤਲਵਾਰ ਉਠਾ ਕੇ ਲੜ ਸਕੀ ਅਤੇ ਵਿਸ਼ਾਲ ਮੁਗਲ ਸਾਮਰਾਜ ਦੀਆਂ ਜੜ੍ਹਾਂ ਉਖਾੜ ਦਿੱਤੀਆਂ। ਸਿੰਘ ਦੇਸ਼, ਧਰਮ ਅਤੇ ਆਜ਼ਾਦੀ ਲਈ ਲੜੇ ਅਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਅਸੰਖ ਹਿੰਦੂਆਂ ਦੇ ਧਰਮ ਦੀ ਰੱਖਿਆ ਕੀਤੀ। ਇਸ ਸੰਸਾਰ ਵਿਚ ਸਾਨੂੰ ਕਿਧਰੇ ਵੀ ਉਦਾਹਰਣ ਪ੍ਰਾਪਤ ਨਹੀਂ ਹੁੰਦੀ ਜਿਥੇ ਗੁਰੂ ਸਾਹਿਬ ਨੇ ਆਪਣੇ ਆਪ ਨੂੰ ਅਤੇ ਆਪਣੇ ਸਾਰੇ ਪਰਿਵਾਰ ਨੂੰ ਦੇਸ਼, ਧਰਮ ਲਈ ਵਾਰ ਦਿੱਤਾ ਹੋਵੇ। ਾਪ ਜੀ ਦੇ ਦੋ ਵੱਡੇ ਸਾਹਿਬਜ਼ਾਦੇ – ਸਾਹਿਬਜ਼ਾਦਾ ਬਾਬਾ ਅਜੀਤ ਸਿੰਘ, ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਆਨੰਦਪੁਰ ਸਾਹਿਬ ਦੇ ਯੁੱਧ ਵਿਚ ਔਰੰਗਜ਼ੇਬ ਦੀ ਫੌਜ ਨਾਲ ਲੜਦੇ ਹੋਏ ਸ਼ਹੀਦ ਹੋਏ ਅਤੇ ਛੋਟੇ ਸਾਹਿਬਜ਼ਾਦੇ – ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ, ਸਾਹਿਬਜ਼ਾਦਾ ਬਾਬਾ ਫਤਹਿ ਸਿੰਘ ਸਰਹਿੰਦ ਵਿਚ ਜੀਉਂਦੇ ਜੀ ਨੀਹਾਂ ਵਿਚ ਚਿਣਵਾ ਦਿੱਤੇ ਗਏ ਅਤੇ ਉਥੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਧੰਨ ਧੰਨ ਸਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿਨ੍ਹਾਂ ਨੇ ਆਪਣਾ ਸਰਬੰਸ ਦੇਸ਼ ਧਰਮ ਕੌਮ ਲਈ ਵਾਰ ਦਿੱਤਾ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵਿਸ਼ਵ–ਵਿਆਪੀ ਸੰਦੇਸ਼ ਅੱਜ ਵੀ ਸਾਰਥਕਤਾ ਰਖਦਾ ਹੈ। ਗੁਰੂ ਸਾਹਿਬ ਨੇ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ" ਦਾ ਅਮਰ ਸੰਦੇਸ਼ ਦਿੱਤਾ। ਗੁਰੂ ਸਾਹਿਬ ਦੀ ਬਾਣੀ ਵਿਚ ਵਿਸ਼ਵ–ਵਿਆਪੀ ਭਾਈਚਾਰੇ ਦਾ ਅਮਰ ਸੰਦੇਸ਼ ਹੈ। ਸਰਬ–ਸਾਂਝੀਵਾਲਤਾ ਦਾ ਸੰਦੇਸ਼ ਹੈ।

**ਜਸਪਾਲ ਸਿੰਘ**

**ਸ. ਇੰਦਰਜੀਤ ਸਿੰਘ**

# ਤੇਗ ਦਸ਼ਮੇਸ਼ ਦੀ



ਦੁਸ਼ਟਾਂ ਨੂੰ ਮਾਰਨੀ ਤੇ ਪਾਪਾਂ ਨੂੰ ਸਿੰਘਾਰਨੀ ਸੀ, ਪਰਉਪਕਾਰਨੀ ਸੀ ਤੇਗ ਦਸ਼ਮੇਸ਼ ਦੀ।
ਬਦੀਆਂ ਦੀ ਨਾਸਨੀ ਤੇ ਨੇਕੀਆਂ ਦੀ ਢਾਸਨੀ ਸੀ, ਦੇਸ਼ ਨੂੰ ਉਭਾਰਨੀ ਸੀ ਤੇਗ ਦਸ਼ਮੇਸ਼ ਦੀ।
ਐਥੇ ਗਈ ਐਥੇ ਗਈ ਬਿਜਲੀ ਦੇ ਵਾਂਗ ਪਈ, ਵਡੇ ਵਡੇ ਮੁੱਛਲਾਂ ਦੇ ਮੋਛਿਆਂ ਨੂੰ ਚੀਰਦੀ।
ਖੜਗਾਂ ਤੇ ਖੰਡਿਆਂ 'ਚ ਗਿੱਧਾ ਪਾ ਕੇ ਨੱਚਦੀ, ਤੇ ਹੋਣੀਆਂ ਦੇ ਨਾਲ ਖੇਡੇ ਕਿਕੱਲੀ ਕਲੀਰਦੀ।
ਘਪੂੰ ਘਪੂੰ ਕਰ ਕੇ ਹੈ ਘਾਣ ਘੱਪ ਲਾਹੀ ਜਾਂਦੀ, ਨਾ ਕਿਤੇ ਥੱਕਦੀ ਨਾ ਚੜ੍ਹੇ ਇਹਨੂੰ ਧੌਂਕਣੀ।
ਹਫੂੰ ਹਫੂੰ ਕਰ ਕੇ ਨੇ ਵੈਰੀਆਂ ਦੇ ਸਾਹ ਫੁੱਲੇ, ਫੁੱਲਦੀ ਹੈ ਜਿਵੇਂ ਲੋਹਾਰਾਂ ਵਾਲੀ ਧੌਂਕਣੀ।
ਕਦੀ ਕਰੇ ਜਮ੍ਹਾਂ ਕਦੀ ਫੌਜਾਂ ਤਕਸੀਮ ਕਰੇ, ਕਦੀ ਤਫਰੀਕ ਦੀ ਇਹ ਪੜ੍ਹੇ ਨਾ ਮੁਹਾਰਨੀ।
ਇਕ ਇਕ ਵਾਰ ਨਾ ਯਾਰਾਂ ਯਾਰਾਂ ਸਿਰੀਆਂ ਨੂੰ, ਜ਼ਰਬਾਂ ਹੈ ਦੇਈ ਜਾਂਦੀ ਬੜੀ ਹੋਣਹਾਰਨੀ।

# ਬਠਿੰਡਾ ਛਾਉਣੀ ’ਚ ਗੋਲੀਬਾਰੀ ਕਾਰਨ 4 ਜਵਾਨਾਂ ਦੀ ਮੌਤ ਪੰਜਾਬ ਪੁਲਿਸ ਨੇ ਅੱਤਵਾਦੀ ਹਮਲੇ ਤੋਂ ਕੀਤਾ ਇਨਕਾਰ

## ਰਾਜਨਾਥ ਸਿੰਘ ਨੇ ਮਾਮਲੇ ਦੀ ਰਿਪੋਰਟ ਮੰਗੀ



ਬਠਿੰਡਾ
-ਜਸਵੀਰ ਔਲਖ-
-ਰੋਜ਼ਾਨਾ ਸਵੇਰਾ-

ਇਥੋਂ ਦੀ ਫੌਜੀ ਛਾਉਣੀ ’ਚ ਅੱਜ ਤੜਕੇ ਗੋਲ਼ੀਬਾਰੀ ’ਚ ਆਰਟੀਲਰੀ ਯੂਨਿਟ ਦੇ 4 ਫ਼ੌਜੀਆਂ ਦੀ ਮੌਤ ਹੋ ਗਈ। ਮਾਮਲੇ ਬਾਰੇ ਰੱਖਿਆ ਮੰਤਰੀ ਰਾਜਨਾਥ ਸਿੰਘ ਵੱਲੋਂ ਵੇਰਵੇ ਮੰਗ ਲਏ ਗਏ ਹਨ। ਇਹ ਵਾਰਦਾਤ ਛਾਉਣੀ ਵਿਚਲੀ ਆਫ਼ੀਸਰਜ਼ ਮੈੱਸ ’ਤੇ ਕਰੀਬ ਸਾਢੇ ਚਾਰ ਵਜੇ ਹੋਈ। ਘਟਨਾ ਤੋਂ ਫੌਰੀ ਬਾਅਦ ਛਾਉਣੀ ਨੂੰ ਮੁਕੰਮਲ ਤੌਰ ’ਤੇ ਚੁਫ਼ੇਰਿਓਂ ਸੀਲ ਕਰ ਦਿੱਤਾ ਗਿਆ। ਖ਼ਬਰ ਲਿਖੇ ਜਾਣ ਤੱਕ ਇੱਥੇ ਤਲਾਸ਼ੀ ਮੁਹਿੰਮ ਜਾਰੀ ਸੀ। ਉਧਰ ਐੱਸਐੱਸਪੀ ਬਠਿੰਡਾ ਗੁਰਨੀਤ ਸਿੰਘ ਖੁਰਾਣਾ ਨੇ ਘਟਨਾ ਦੀ ਪੁਸ਼ਟੀ ਕਰਦਿਆਂ ‘ਅਤਿਵਾਦੀ ਹਮਲਾ’ ਹੋਣ ਤੋਂ ਇਨਕਾਰ ਕੀਤਾ ਹੈ। ਇਸੇ ਤਰ੍ਹਾਂ ਬਠਿੰਡਾ ਜ਼ੋਨ ਦੇ ਏਡੀਜੀਪੀ ਐੱਸਏਐੱਸ ਪਰਮਾਰ ਨੇ ਕਿਸੇ ਬਾਹਰੀ ਹਮਲੇ ਦੀਆਂ ਸੰਭਾਵਨਾਵਾਂ ਰੱਦ ਕਰਦਿਆਂ ਇਸ ਨੂੰ ਅੰਦਰੂਨੀ ਮਾਮਲਾ ਦੱਸਿਆ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਪੁਲੀਸ ਵੱਲੋਂ ਸੈਨਿਕ ਅਫ਼ਸਰਾਂ ਨੂੰ ਹਰ ਸੰਭਵ ਮੱਦਦ ਦੀ ਪੇਸ਼ਕਸ਼ ਕੀਤੀ ਗਈ ਹੈ। ਗੌਰਤਲਬ ਹੈ ਕਿ ਬਠਿੰਡਾ ਫੌਜੀ ਛਾਉਣੀ ਏਸ਼ੀਆ ਦੀਆਂ ਪ੍ਰਮੁੱਖ ਛਾਉਣੀਆਂ ਵਿੱਚੋਂ ਇੱਕ ਹੈ।

ਬਠਿੰਡਾ ਮਿਲਟਰੀ ਸਟੇਸ਼ਨ ’ਤੇ ਹੋਈ ਗੋਲ਼ੀਬਾਰੀ ਦੀ ਘਟਨਾ ਸਬੰਧੀ ਭਾਰਤੀ ਫ਼ੌਜ ਦਾ ਬਿਆਨ ਸਾਹਮਣੇ ਆਇਆ ਹੈ। ਇਸ ਸਬੰਧੀ ਭਾਰਤੀ ਫ਼ੌਜ ਵੱਲੋਂ ਕਿਹਾ ਗਿਆ ਹੈ ਕਿ ਬਠਿੰਡਾ ਮਿਲਟਰੀ ਸਟੇਸ਼ਨ ’ਤੇ ਗੋਲ਼ੀਬਾਰੀ ਦੀ ਘਟਨਾ ਦੌਰਾਨ ਤੋਪਖਾਨਾ ਯੂਨਿਟ ਦੇ ਚਾਰ ਫ਼ੌਜੀ ਜਵਾਨਾਂ ਨੇ ਦਮ ਤੋੜ ਦਿੱਤਾ ਹੈ। ਫਿਲਹਾਲ ਕਿਸੇ ਹੋਰ ਕਰਮਚਾਰੀ ਨੂੰ ਕੋਈ ਸੱਟ ਦਾ ਜਾਂ ਕਿਸੇ ਤਰ੍ਹਾਂ ਦੀ ਜਾਇਦਾਦ ਨੂੰ ਨੁਕਸਾਨ ਪਹੁੰਚਣ ਸਬੰਧੀ ਕੁਝ ਵੀ ਰਿਪੋਰਟ ਨਹੀਂ ਕੀਤਾ ਗਿਆ ਹੈ। ਗੋਲ਼ੀਬਾਰੀ ਦੀ ਇਸ ਘਟਨਾ ਤੋਂ ਬਾਅਦ ਬਠਿੰਡਾ ਛਾਉਣੀ ਦੇ ਇਲਾਕੇ ਨੂੰ ਪੂਰੀ ਤਰ੍ਹਾਂ ਸੀਲ ਕਰ ਦਿੱਤਾ ਗਿਆ ਹੈ ਅਤੇ ਭਾਰਤੀ ਫ਼ੌਜ ਅਤੇ ਪੰਜਾਬ ਪੁਲਸ ਵੱਲੋਂ ਸਾਂਝੀ ਜਾਂਚ ਕੀਤੀ ਜਾ ਰਹੀ ਹੈ। ਭਾਰਤੀ ਫ਼ੌਜ ਨੇ ਆਪਣੇ ਬਿਆਨ ’ਚ ਇਹ ਵੀ ਦੱਸਿਆ ਕਿ ਦੋ ਦਿਨ ਪਹਿਲਾਂ ਗਾਇਬ ਹੋਈ ਰਾਇਫ਼ਲ ਅਤੇ 28 ਕਾਰਤੂਸ ਦੇ ਮਾਮਲੇ ਸਮੇਤ ਸਾਰੇ ਪਹਿਲੂਆਂ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ। ਇਸ ਸਬੰਧੀ ਗੱਲ ਇਕ ਨਿੱਜੀ ਚੈਨਲ ਨਾਲ ਗੱਲ ਕਰਦਿਆਂ ਰੱਖਿਆ ਮਾਹਰ ਪ੍ਰਫੁਲ ਬਖ਼ਸ਼ੀ ਨੇ ਕਿਹਾ ਕਿ ਜੋ ਘਟਨਾ ਵਾਪਰੀ ਹੈ ਇਸ ਨੂੰ ਸੁਣ ਕੇ ਬਹੁਤ ਦੁੱਖ ਹੋਇਆ ਪਰ ਇਹ ਗੋਲ਼ੀਬਾਰੀ ਕਿਉਂ ਹੋਈ ਤੇ ਇਸ ਦਾ ਕੀ ਕਾਰਣ ਹੈ, ਉਸ ਦੇ ਬਾਰੇ ਤਾਂ ਜਾਂਚ ਕਰਨ ’ਤੇ ਹੀ ਪਤਾ ਲੱਗੇਗਾ। ਉਨ੍ਹਾਂ ਆਖਿਆ ਕਿ ਜਿਵੇਂ ਕਿਹਾ ਜਾ ਰਿਹਾ ਹੈ ਕਿ ਇਹ ਅੰਦਰ ਦਾ ਮਾਮਲਾ ਹੈ, ਰਾਈਫ਼ਲ ਅਤੇ ਰਾਊਂਡ ਗਾਇਬ ਸਨ, ਦੇ ਮਾਮਲੇ ਬਾਰੇ ਗੰਭੀਰਤਾ ਨਾਲ ਜਾਂਚ ਕਰਨ ਤੋਂ ਬਾਅਦ ਹੀ ਪਤਾ ਲੱਗੇਗਾ ਕਿਉਂਕਿ ਜਦੋਂ ਕੋਈ ਪਹਿਲਾਂ ਹੀ ਅਜਿਹੀ ਜਾਣਕਾਰੀ ਦਿੱਤੀ ਜਾਂਦੀ ਹੈ ਤਾਂ ਉਸ ਤੋਂ ਇਹ ਪਤਾ ਲੱਗਦਾ ਹੈ ਕਿ ਕੁਝ ਲੁਕਾਇਆ ਜਾ ਰਿਹਾ ਹੈ। ਇਹ ਬਹੁਤ ਗੰਭੀਰ ਮਾਮਲਾ ਹੈ ਤੇ ਇਸ ਦੀ ਸਖ਼ਤੀ ਨਾਲ ਜਾਂਚ ਕੀਤੀ ਜਾਣੀ ਚਾਹੀਦੀ ਹੈ ਕਿ ਇਹ ਅੰਦਰੂਨੀ ਮਾਮਲਾ ਹੈ ਜਾਂ ਕਿਸੇ ਬਾਹਰੀ ਵਿਅਕਤੀ ਵੱਲੋਂ ਇਸ ਘਟਨਾ ਨੂੰ ਅੰਜਾਮ ਦਿੱਤਾ ਗਿਆ ਹੈ।

# ਨੀਲੇ ਕਾਰਡ ਕੱਟਣ ’ਤੇ ਰੋਹ ਵਿੱਚ ਆਏ ਲੋਕ



ਬਠਿੰਡਾ -ਜਸਵੀਰ ਔਲਖ-
-ਰੋਜ਼ਾਨਾ ਸਵੇਰਾ-

ਸਰਕਾਰੀ ਆਟਾ-ਦਾਲ ਸਕੀਮ ਦੇ ਕੁਝ ਲਾਭਪਾਤਰੀਆਂ ਨੂੰ ਪੜਤਾਲ ਦੌਰਾਨ ਅਯੋਗ ਠਹਿਰਾਏ ਜਾਣ ਖ਼ਿਲਾਫ਼ ਪੰਜਾਬ ਖੇਤ ਮਜ਼ਦੂਰ ਯੂਨੀਅਨ ਨੇ ਅੱਜ ਇਥੇ ਮਿਨੀ ਸਕੱਤਰੇਤ ਅੱਗੇ ਰੋਸ ਧਰਨਾ ਲਾ ਦਿੱਤਾ। ਇਸ ਮੌਕੇ ਸੰਬੋਧਨ ਕਰਦਿਆਂ ਯੂਨੀਅਨ ਦੇ ਸੂਬਾ ਪ੍ਰਧਾਨ ਜੋਰਾ ਸਿੰਘ ਨਸਰਾਲੀ ਨੇ ਰਾਜ ਸਰਕਾਰ ’ਤੇ ਦੋਸ਼ ਲਾਇਆ ਕਿ ਨਾਜਾਇਜ਼ ਨੀਲੇ ਕਾਰਡ ਕੱਟਣ ਦੇ ਬਹਾਨੇ ਸੈਂਕੜੇ ਹੀ ਯੋਗ ਕਾਰਡ ਕੱਟੇ ਜਾਣ ਨਾਲ ਹੱਕਦਾਰਾਂ ਨਾਲ ਬੇਇਨਸਾਫ਼ੀ ਹੋਈ ਹੈ।

ਉਨ੍ਹਾਂ ਕਿਹਾ ਕਿ ਸਿਆਸੀ ਪਹੁੰਚ ਵਾਲੇ ਕੁੱਝ ਭ੍ਰਿਸ਼ਟ ਡਿੱਪੂ ਹੋਲਡਰਾਂ ਅਤੇ ਅਫ਼ਸਰਾਂ ਦੀ ਮਿਲੀਭੁਗਤ ਸਦਕਾ ਸੰਗਤ ਬਲਾਕ ਦੇ 7 ਪਿੰਡਾਂ ਦੇ ਲੋਕਾਂ ਨੂੰ ਕਣਕ ਦਾ ਇੱਕ ਵੀ ਦਾਣਾ ਨਸੀਬ ਨਹੀਂ ਹੋਇਆ ਪਰ ਜ਼ਿਲ੍ਹੇ ਦੇ ਉੱਚ ਅਧਿਕਾਰੀ ਹੇਰਾ-ਫੇਰੀ ਕਰਨ ਵਾਲਿਆਂ ’ਤੇ ਕੋਈ ਐਕਸ਼ਨ ਨਹੀਂ ਲੈ ਰਹੇ। ਉਨ੍ਹਾਂ ਮੰਗ ਕੀਤੀ ਕਿ ਕੱਟੇ ਗਏ ਯੋਗ ਕਾਰਡ ਬਹਾਲ ਕੀਤੇ ਜਾਣ। ਮੀਂਹ ਨਾਲ ਨੁਕਸਾਨੇ ਗਏ ਮਕਾਨਾਂ ਦੀ ਪੁਨਰ ਉਸਾਰੀ ਜਾਂ ਮੁਰੰਮਤ ਲਈ ਮੁਆਵਜ਼ਾ ਦਿੱਤਾ ਜਾਵੇ। ਇਕੱਠ ਨੂੰ ਯੂਨੀਅਨ ਦੇ ਜ਼ਿਲ੍ਹਾ ਕਨਵੀਨਰ ਮਾਸਟਰ ਸੇਵਕ ਸਿੰਘ, ਜ਼ਿਲ੍ਹਾ ਕਮੇਟੀ ਮੈਂਬਰ ਤੀਰਥ ਸਿੰਘ ਕੋਠਾ ਗੁਰੂ ਅਤੇ ਕਾਲਾ ਸਿੰਘ ਖੂੰਨਣ ਖੁਰਦ ਨੇ ਵੀ ਸੰਬੋਧਨ ਕੀਤਾ।ਧਰਨੇ ਦੌਰਾਨ ਪ੍ਰਸ਼ਾਸਨ ਵੱਲੋਂ ਮਜ਼ਦੂਰ ਆਗੂਆਂ ਨੂੰ ਭਰੋਸਾ ਦਿੱਤਾ ਗਿਆ ਕਿ ਉਨ੍ਹਾਂ ਦੀਆਂ ਮੰਗਾਂ ’ਤੇ ਗੌਰ ਕਰ ਕੇ ਇਕ ਹਫ਼ਤੇ ’ਚ ਸਮੱਸਿਆਵਾਂ ਹੱਲ ਕਰ ਦਿੱਤੀਆਂ ਜਾਣਗੀਆਂ। ਭਰੋਸੇ ਮਗਰੋਂ ਧਰਨਾਕਾਰੀਆਂ ਨੇ ਧਰਨਾ ਸਮਾਪਤ ਕਰ ਦਿੱਤਾ। ਇਸ ਮੌਕੇ ਕਾਕਾ ਸਿੰਘ ਜੀਦਾ, ਬਲਵਿੰਦਰ ਸਿੰਘ ਮਾਲੀ ਕੋਠਾ ਗੁਰੂ, ਮਾੜਾ ਸਿੰਘ, ਮਹਿੰਗਾ ਸਿੰਘ ਬਾਂਡੀ ਆਦਿ ਆਗੂ ਹਾਜ਼ਰ ਸਨ।

# ਗਿਰਦਾਵਰੀ ਕਰਨ ਆਈ ਟੀਮ ਦਾ ਕਿਸਾਨਾਂ ਵੱਲੋਂ ਵਿਰੋਧ



ਬਠਿੰਡਾ -ਜਸਵੀਰ ਔਲਖ-
-ਰੋਜ਼ਾਨਾ ਸਵੇਰਾ-

ਬੇਮੌਸਮੀ ਬਾਰਿਸ਼ ਅਤੇ ਝੱਖੜ ਕਾਰਨ ਖ਼ਰਾਬ ਹੋਈ ਫਸਲ ਦੀ ਗਿਰਦਾਵਰੀ ਕਰਨ ਪਿੰਡ ਮਹਿਮਾ ਵਿੱਚ ਪੁੱਜੀ ਟੀਮ ਨੂੰ ਕਿਸਾਨਾਂ ਦੇ ਰੋਹ ਦਾ ਸਾਹਮਣਾ ਕਰਨਾ ਪਿਆ। ਇਸ ਬਾਰੇ ਪਤਾ ਲੱਗਣ ’ਤੇ ਤਹਿਸੀਲਦਾਰ ਬਠਿੰਡਾ ਮੌਕੇ ’ਤੇ ਪੁੱਜੇ। ਜਾਣਕਾਰੀ ਅਨੁਸਾਰ ਅੱਜ ਉਸ ਵੇਲੇ ਮਾਹੌਲ ਗਰਮਾ ਗਿਆ, ਜਦੋਂ ਖੇਤੀਬਾੜੀ ਵਿਭਾਗ ਅਤੇ ਰੈਵੇਨਿਊ ਵਿਭਾਗ ਦੀ ਟੀਮ ਨੂੰ ਬੀਕੇਯੂ ਰਾਜੇਵਾਲ ਦੇ ਜ਼ਿਲ੍ਹਾ ਪ੍ਰਧਾਨ ਗੁਰਮੇਲ ਸਿੰਘ ਅਤੇ ਬੀਕੇਯੂ ਉਗਰਾਹਾਂ ਦੇ ਕਾਰਕੁਨ ਗੁਰਜੀਤ ਸਿੰਘ ਬਿੱਟੂ ਵੱਲੋਂ ਖੇਤਾਂ ਦਾ ਸਰਵੇ ਕਰਨ ਆਏ ਪਟਵਾਰੀ ਨੂੰ ਇਹ ਕਹਿ ਕਿ ਰੋਕ ਦਿੱਤਾ ਗਿਆ ਕਿ ਸਰਵੇ ਰਿਪੋਰਟ ਕਿਸਾਨਾਂ ਨਾਲ ਸਾਂਝੀ ਕੀਤੀ ਜਾਵੇ ਤਾਂ ਕਿ ਪਿੰਡ ਵਾਸੀਆਂ ਨੂੰ ਹੋਏ ਨੁਕਸਾਲ ਦਾ ਪਤਾ ਲੱਗ ਸਕੇ ਪਰ ਟੀਮ ਨੇ ਸਰਵੇ ਬਾਰੇ ਦੱਸਣ ਤੋਂ ਇਨਕਾਰ ਕਰ ਦਿੱਤਾ। ਜਥੇਬੰਦੀ ਨੇ ਇਸ ਦਾ ਵਿਰੋਧ ਕਰਦੇ ਹੋਏ ਕਿਹਾ ਪਿੰਡ ਵਿਚ ਕਣਕ ਦਾ 40 ਤੋਂ 70 ਫ਼ੀਸਦੀ ਨੁਕਸਾਨ ਹੋਇਆ ਹੈ। ਇਸ ਲਈ ਪਿੰਡ ਨੂੰ ਸੀ ਗਰੇਡ ਵਿਚ ਪਾਇਆ ਜਾਵੇ ਪਰ ਗਿਰਦਾਵਰੀ ਕਰਨ ਆਈ ਟੀਮ ਇਸ ਨੂੰ 20 ਫ਼ੀਸਦੀ ਨੁਕਸਾਨ ਮੰਨਦਿਆਂ ਕਿਸਾਨ ਜਥੇਬੰਦੀ ਦੀ ਮੰਗ ਨੂੰ ਖ਼ਾਰਜ ਕਰ ਦਿੱਤਾ। ਮਾਮਲਾ ਵਧਦਾ ਦੇਖ ਪਟਵਾਰੀ ਨਰੇਸ਼ ਕੁਮਾਰ ਅਤੇ ਖੇਤੀਬਾੜੀ ਵਿਭਾਗ ਦੇ ਮੁਲਾਜ਼ਮ ਜਗਤਾਰ ਸਿੰਘ ਨੇ ਗਿਰਦਾਵਰੀ ਦਾ ਕੰਮ ਰੋਕ ਕੇ ਇਸ ਦੀ ਸੂਚਨਾ ਉੱਚ ਅਫ਼ਸਰਾਂ ਨੂੰ ਦਿੱਤੀ।ਤਹਿਸੀਲਦਾਰ ਬੇਅੰਤ ਸਿੰਘ ਸੂਚਨਾ ਮਿਲਦੇ ਹੀ ਮੌਕੇ ’ਤੇ ਪੁੱਜੇ ਅਤੇ ਸਥਿਤੀ ਵਿਗੜਨ ਦੇ ਡਰੋਂ ਥਾਣਾ ਨੇਹੀਆ ਵਾਲਾ ਦੇ ਮੁੱਖ ਅਫ਼ਸਰ ਤਰਨਜੀਤ ਸਿੰਘ ਅਤੇ ਚੌਂਕੀ ਕਿਲੀ ਨਿਹਾਲ ਸਿੰਘ ਵਾਲਾ ਦੇ ਇੰਚਾਰਜ ਰਾਜਪਾਲ ਸਿੰਘ ਵੀ ਪੁੱਜ ਗਏ। ਇਸ ਮੌਕੇ ਖੇਤੀਬਾੜੀ ਵਿਭਾਗ ਦੇ ਅਫ਼ਸਰ ਬਲਜਿੰਦਰ ਸਿੰਘ ਅਤੇ ਤਹਿਸੀਲਦਾਰ ਬੇਅੰਤ ਸਿੰਘ ਨੇ ਖੇਤਾਂ ਦੇ ਦੌਰਾ ਦੌਰਾਨ ਖ਼ਰਾਬ ਹੋਈ ਕਣਕ ਦਾ ਜਾਇਜ਼ਾ ਲਿਆ ਪਰ ਦੇਰ ਸ਼ਾਮ ਤੱਕ ਕਿਸਾਨਾਂ ਅਤੇ ਵਿਭਾਗ ਦੇ ਅਫ਼ਸਰਾਂ ਵਿਚਕਾਰ ਸਹਿਮਤੀ ਨਹੀਂ ਬਣ ਸਕੀ। ਖੇਤੀਬਾੜੀ ਵਿਭਾਗ ਦੀ ਸਰਵੇ ਟੀਮ ਦੇ ਮੈਂਬਰ ਜਗਤਾਰ ਸਿੰਘ ਨੇ ਪੰਜਾਬੀ ਟ੍ਰਿਬਿਊਨ ਨੂੰ ਪੁਸ਼ਟੀ ਕਰਦਿਆਂ ਦੱਸਿਆ ਕਿ ਕਿਸਾਨ ਜਥੇਬੰਦੀਆਂ ਨਾਲ ਸਹਿਮਤੀ ਨਹੀਂ ਬਣ ਸਕੀ। ਉਨ੍ਹਾਂ ਕਿਹਾ ਇਹ ਸਾਰਾ ਮਾਮਲਾ ਡਿਪਟੀ ਕਮਿਸ਼ਨਰ ਬਠਿੰਡਾ ਦੇ ਧਿਆਨ ਵਿਚ ਲਿਆ ਦਿੱਤਾ ਹੈ। ਹੁਣ ਡੀਸੀ ਦੇ ਅਗਲੇ ਹੁਕਮਾਂ ਤੋਂ ਬਾਅਦ ਹੀ ਕੰਮ ਸ਼ੁਰੂ ਕੀਤਾ ਜਾਵੇਗਾ। ਸੁਖਬੀਰ ਬਾਦਲ ਨੇ ਮੁਆਵਜ਼ੇ ਸਬੰਧੀ ‘ਆਪ’ ਸਰਕਾਰ ਨੂੰ ਘੇਰਿਆਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ’ਤੇ ਨਿਸ਼ਾਨੇ ਸੇਧੇ ਹਨ।

# ਲੋਕ ਭਲਾਈ ਪਾਰਟੀ ਨੂੰ ਸੁਰਜੀਤ ਕਰਾਂਗਾ: ਰਾਮੂਵਾਲੀਆ

ਬਠਿੰਡਾ
-ਜਸਵੀਰ ਔਲਖ-
-ਰੋਜ਼ਾਨਾ ਸਵੇਰਾ-



ਸਾਬਕਾ ਸੰਸਦ ਮੈਂਬਰ ਤੇ ਉੱਤਰ ਪ੍ਰਦੇਸ਼ ਦੇ ਸਾਬਕਾ ਜੇਲ੍ਹ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਨੇ ਬਠਿੰਡਾ ਵਿੱਚ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਉਹ ਮੁੜ ਆਪਣੀ ਲੋਕ ਭਲਾਈ ਪਾਰਟੀ ਨੂੰ ਸਰਜੀਤ ਕਰਨਗੇ।

ਉਨ੍ਹਾਂ ਬਾਦਲ ਪਰਿਵਾਰ ਨੂੰ ਸਿੱਖ ਧਰਮ ਦੇ ਹਰ ਮੁੱਦੇ ’ਤੇ ਖੁੱਲ੍ਹੀ ਬਹਿਸ ਦੀ ਚੁਣੌਤੀ ਦਿੱਤੀ ਹੈ। ਸ੍ਰੀ ਰਾਮੂਵਾਲੀਆ ਨੇ ਕਿਹਾ ਕਿ ਬਾਦਲ ਪਰਿਵਾਰ ਉਨ੍ਹਾਂ ਨਾਲ 25 ਮਿੰਟ ਖੁੱਲ੍ਹੀ ਬਹਿਸ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਬਜਟ 1138 ਕਰੋੜ ਹੋਣ ਦੇ ਬਾਵਜੂਦ ਕਮੇਟੀ ਅਧੀਨ ਚੱਲਦੇ ਵਿੱਦਿਅਕ ਅਦਾਰਿਆਂ ਦਾ ਮਾੜਾ ਹਾਲ ਹੈ। ਸ੍ਰੀ ਰਾਮੂਵਾਲੀਆ ਨੇ ਕਿਹਾ ਕਿ ਉਹ ਪੰਜਾਬ ਵਿੱਚ ਮਾਤਾ ਗੁਜਰੀ ਯੂਨੀਵਰਸਿਟੀ ਲੈ ਕੇ ਆਏ ਹਨ ਤੇ ਉਹ ’ਵਰਸਿਟੀ ਦੇ ਚਾਂਸਲਰ ਹਨ। ਉਨ੍ਹਾਂ ਦਾਅਵਾ ਕੀਤਾ ਕਿ ਹਰ ਵਰਗ ਲਈ ਦਾਖ਼ਲੇ ਖੋਲ੍ਹੇ ਗਏ ਹਨ ਤੇ ਕੋਈ ਡੋਨੇਸ਼ਨ ਨਹੀਂ ਲਿਆ ਜਾਂਦਾ ਹੈ। ਇਸ ਦੌਰਾਨ ਸ੍ਰੀ ਰਾਮੂਵਾਲੀਆ ਨੇ ਮੁੜ ਚੋਣ ਮੈਦਾਨ ਵਿੱਚ ਆਉਣ ਦਾ ਇਸ਼ਾਰਾ ਕਰਦਿਆਂ ਹਿੰਦੂ-ਸਿੱਖਾਂ ਦੀ ਸਾਂਝੀ ਕਮੇਟੀ ਬਣਾਉਣ ’ਤੇ ਜ਼ੋਰ ਦਿੱਤਾ।

# ਪੰਜਾਬ ਪੁਲਸ ਨੂੰ ਮਿਲੀ ਵੱਡੀ ਕਾਮਯਾਬੀ, ਰਾਜਸਥਾਨ ਤੋਂ ਨਸ਼ਾ ਲਿਆਉਣ ਵਾਲੇ 4 ਵਿਅਕਤੀ ਫਾਜ਼ਿਲਕਾ ਤੋਂ ਗ੍ਰਿਫ਼ਤਾਰ



ਬਠਿੰਡਾ
-ਜਸਵੀਰ ਔਲਖ-
-ਰੋਜ਼ਾਨਾ ਸਵੇਰਾ-

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ ’ਤੇ ਨਸ਼ਿਆਂ ਵਿਰੁੱਧ ਵਿੱਢੀ ਫੈਸਲਾਕੁੰਨ ਜੰਗ ਦੌਰਾਨ ਪੰਜਾਬ ਪੁਲਸ ਨੇ ਫਾਜ਼ਿਲਕਾ ਦੇ ਪਿੰਡ ਲਾਲੋ ਵਾਲੀ ਦੇ ਇਲਾਕੇ ’ਚੋਂ 35 ਪੈਕੇਟ ਹੈਰੋਇਨ, ਜਿਸ ਦਾ ਵਜ਼ਨ 36.9 ਕਿਲੋ ਹੈ, ਬਰਾਮਦ ਕਰਕੇ ਚਾਰ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ. ਜੀ. ਪੀ.) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਵਿਅਕਤੀਆਂ ਦੀ ਪਛਾਣ ਮਨਪ੍ਰੀਤ ਸਿੰਘ, ਜਸਪਾਲ ਸਿੰਘ ਉਰਫ਼ ਗੋਪੀ, ਸੁਖਦੇਵ ਸਿੰਘ ਅਤੇ ਦਿਆਲਵਿੰਦਰ ਸਿੰਘ ਸਾਰੇ ਵਾਸੀ ਜ਼ਿਲ੍ਹਾ ਤਰਨਤਾਰਨ ਵਜੋਂ ਹੋਈ ਹੈ। ਪੁਲਸ ਨੇ ਦੋ ਸੀਡੈਨ ਕਾਰਾਂ ਵੀ ਬਰਾਮਦ ਕੀਤੀਆਂ ਹਨ, ਜਿਨ੍ਹਾਂ ਦੀ ਵਰਤੋਂ ਰਾਜਸਥਾਨ ਤੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਲਈ ਕੀਤੀ ਗਈ ਸੀ।

ਡੀ. ਜੀ. ਪੀ. ਗੌਰਵ ਯਾਦਵ ਨੇ ਦੱਸਿਆ ਕਿ ਰਾਜਸਥਾਨ ਤੋਂ ਪੰਜਾਬ ਵਿੱਚ ਵੱਡੀ ਮਾਤਰਾ ਵਿੱਚ ਹੈਰੋਇਨ ਦੀ ਆਮਦ ਬਾਰੇ ਭਰੋਸੇਮੰਦ ਸੂਚਨਾਵਾਂ ਦੇ ਆਧਾਰ ’ਤੇ ਫਾਜ਼ਿਲਕਾ ਜ਼ਿਲ੍ਹੇ ਦੀਆਂ ਪੁਲਸ ਟੀਮਾਂ ਨੇ ਫਾਜ਼ਿਲਕਾ-ਫਿਰੋਜ਼ਪੁਰ ਰੋਡ ’ਤੇ ਪਿੰਡ ਲਾਲੋ ਵਾਲੀ ਦੇ ਇਲਾਕੇ ਵਿੱਚ ਨਹਿਰੀ ਪੁਲ ਨੇੜੇ ਮੁਹਿੰਮ ਚਲਾਈ, ਜਿੱਥੇ ਇਹ ਚਾਰ ਵਿਅਕਤੀ ਆਪਣੀ ਕਾਰ ਵਿੱਚ ਬੈਠੇ ਕਿਸੇ ਵਿਅਕਤੀ ਦੀ ਉਡੀਕ ਕਰ ਰਹੇ ਸਨ। ਪੁਲਸ ਪਾਰਟੀ ਨੂੰ ਦੇਖ ਕੇ ਮੁਲਜ਼ਮਾਂ ਨੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕੀਤੀ ਪਰ ਪੁਲਸ ਟੀਮ ਨੇ ਉਨ੍ਹਾਂ ਨੂੰ ਕਾਬੂ ਕਰ ਲਿਆ। ਉਨ੍ਹਾਂ ਦੱਸਿਆ ਕਿ ਚੈਕਿੰਗ ਦੌਰਾਨ ਪੁਲਸ ਟੀਮਾਂ ਨੇ 24.295 ਕਿਲੋਗ੍ਰਾਮ ਹੈਰੋਇਨ ਦੇ 23 ਪੈਕਟ ਬਰਾਮਦ ਕੀਤੇ ਹਨ, ਜੋ ਕਿ ਐਲਾਂਟਰਾ ਕਾਰ ਦੀਆਂ ਖਿੜਕੀਆਂ ਦੀ ਗੱਤੇ ਦੀ ਚਾਦਰ ਵਿੱਚ ਵਿੱਚ ਲੁਕਾ ਕੇ ਰੱਖੇ ਗਏ ਸਨ। ਉਨ੍ਹਾਂ ਦੱਸਿਆ ਕਿ ਇਸ ਦੇ ਨਾਲ ਹੀ ਫੜੇ ਗਏ ਨਸ਼ਾ ਤਸਕਰਾਂ ਵੱਲੋਂ ਦੱਸੇ ਗਏ ਟਿਕਾਣੇ ਤੋਂ 12.620 ਕਿਲੋਗ੍ਰਾਮ ਹੈਰੋਇਨ ਦੇ 12 ਹੋਰ ਪੈਕੇਟ ਵੀ ਬਰਾਮਦ ਕੀਤੇ ਗਏ ਹਨ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡੀ.ਆਈ.ਜੀ. ਫਿਰੋਜ਼ਪੁਰ ਰੇਂਜ ਰਣਜੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਮੁੱਢਲੀ ਤਫ਼ਤੀਸ਼ ਮੁਤਾਬਕ ਮੁਲਜ਼ਮ ਰਾਜਸਥਾਨ ਤੋਂ ਡਰੋਨ ਰਾਹੀਂ ਸਰਹੱਦ ਪਾਰੋਂ ਸੁੱਟੀ ਹੈਰੋਇਨ ਦੀ ਖੇਪ ਲੈ ਕੇ ਆ ਰਹੇ ਸਨ।ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐੱਸ. ਐੱਸ. ਪੀ.) ਅਵਨੀਤ ਕੌਰ ਸਿੱਧੂ ਨੇ ਕਿਹਾ ਕਿ ਇਸ ਗਿਰੋਹ ਵਿੱਚ ਸ਼ਾਮਲ ਹੋਰ ਲੋਕਾਂ ਅਤੇ ਪੰਜਾਬ ਨਾਲ ਸਬੰਧਤ ਵਿਅਕਤੀ, ਜਿਸ ਵੱਲੋਂ ਇਹ ਖੇਪ ਮੰਗਵਾਈ ਗਈ ਸੀ, ਦਾ ਪਤਾ ਲਗਾਉਣ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਹੋਣ ਦੀ ਸੰਭਾਵਨਾ ਹੈ।

ਇਸ ਸਬੰਧੀ ਥਾਣਾ ਸਦਰ ਫਾਜ਼ਿਲਕਾ ਵਿਖੇ ਐੱਨ.ਡੀ.ਪੀ.ਐੱਸ. ਐਕਟ ਦੀਆਂ ਧਾਰਾਵਾਂ 21(ਸੀ), 23, 29 ਤਹਿਤ ਐੱਫ.ਆਈ.ਆਰ ਨੰਬਰ 58 ਦਰਜ ਕੀਤੀ ਗਈ ਹੈ।

# ਔਰਤ ਨੇ ਨਹਿਰ ’ਚ ਛਾਲ ਮਾਰੀ; ਮੌਤ

ਬਠਿੰਡਾ -ਜਸਵੀਰ ਔਲਖ-
-ਰੋਜ਼ਾਨਾ ਸਵੇਰਾ-

ਬਠਿੰਡਾ ਵਿੱਚ ਮਾਨਸਿਕ ਤੌਰ ’ਤੇ ਪ੍ਰੇਸ਼ਾਨ ਚੱਲ ਰਹੀ ਇੱਕ ਮਹਿਲਾ ਨੇ ਸਰਹਿੰਦ ਨਹਿਰ ਵਿੱਚ ਛਾਲ ਮਾਰ ਦਿੱਤੀ। ਮੌਕੇ ’ਤੇ ਪੁੱਜੇ ਸਮਾਜ ਸੇਵੀ ਸੰਸਥਾ ਨੌਜਵਾਨ ਵੈਲਫ਼ੇਅਰ ਦੇ ਵਾਲੰਟੀਅਰਾਂ ਅਤੇ ਗੋਤਾਖੋਰਾਂ ਦੀ ਟੀਮ ਵੱਲੋਂ ਔਰਤ ਨੂੰ ਲੱਭਣ ਦੀ ਸਿਰਤੋੜ ਕੋਸ਼ਿਸ਼ ਕੀਤੀ ਗਈ ਪਰ 20 ਮਿੰਟਾਂ ਦੀ ਮੁਸ਼ੱਕਤ ਤੋਂ ਬਾਅਦ ਜਦੋਂ ਗੋਤਾਖੋਰਾਂ ਦੀ ਟੀਮ ਨੇ ਮਹਿਲਾ ਨੂੰ ਬਾਹਰ ਕੱਢਿਆ ਤਾਂ ਉਸ ਦੀ ਮੌਤ ਹੋ ਚੁੱਕੀ ਸੀ।

ਮ੍ਰਿਤਕ ਮਹਿਲਾ ਦੀ ਪਛਾਣ ਗੀਨਾ ਰਾਣੀ (45) ਪਤਨੀ ਸੁਖਦੇਵ ਰਿਸ਼ੀ ਵਾਸੀ ਬਲਰਾਮ ਨਗਰ ਵਜੋਂ ਹੋਈ ਹੈ। ਪਰਿਵਾਰ ਦੇ ਬਿਆਨ ’ਤੇ ਸਾਥਨਕ ਪੁਲੀਸ ਵੱਲੋਂ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ। ਲਾਸ਼ ਨੂੰ ਸੰਸਥਾ ਦੇ ਸਹਿਯੋਗ ਨਾਲ ਪੋਸਟਮਾਰਟਮ ਲਈ ਹਸਪਤਾਲ ਭੇਜਿਆ ਗਿਆ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਵਿਸ਼ਵ ਸਿਹਤ ਦਿਵਸ ਤੇ ਲਗਾਏ ਮੁਫ਼ਤ ਆਰ ਉ ਦਾ ਕੈਬਨਿਟ ਮੰਤਰੀ ਪੰਜਾਬ ਵੱਲੋਂ ਉਦਘਾਟਨ

ਬਠਿੰਡਾ -ਜਸਵੀਰ ਔਲਖ-
-ਰੋਜ਼ਾਨਾ ਸਵੇਰਾ-

ਡਾਕਟਰ ਐਸ ਪੀ ਸਿੰਘ ਉਬਰਾਏ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫ਼ਲਸਫੇ ਨੂੰ ਅਪਣਾ ਕੇ ਕਿਰਤ ਕਰੋ, ਨਾਮ ਜਪੋ, ਵੰਡ ਛਕੋ ਅਨੁਸਾਰ ਚੱਲਦੇ ਹੋਏ ਮਾਨਵਤਾ ਦੀ ਭਲਾਈ ਵਾਸਤੇ ਸੈਂਕੜਿਆਂ ਦੀ ਗਿਣਤੀ ਵਿਚ ਸ਼ੁਰੂ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਵਿਸਵ ਸਿਹਤ ਦਿਵਸ ਨੂੰ ਸਮਰਪਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਅਤੇ ਮੈਡਮ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਦਿਸ਼ਾ ਨਿਰਦੇਸ਼ਾਂ ਤੇ ਸਰਕਾਰੀ ਪ੍ਰਾਇਮਰੀ ਸਕੂਲ (ਗੁਰੂ ਨਾਨਕ ਨਗਰੀ) ਮਲੋਟ ਵਿੱਚ ਬੱਚਿਆਂ ਨੂੰ ਸਾਫ ਸੁਥਰਾ ਪਾਣੀ ਦੇਣ ਲਈ ਅਤੇ ਸਰਕਾਰੀ ਹਸਪਤਾਲ ਮਲੋਟ ਵਿੱਚ ਆਮ ਪਬਲਿਕ ਨੂੰ ਸਾਫ਼ ਪਾਣੀ ਦੇਣ ਲਈ ਮੁਫ਼ਤ ਆਰ ਉ ਸਿਸਟਮ ਲਗਾਏ ਗਏ ਹਨ, ਜਿਸ ਦਾ ਉਦਘਾਟਨ ਡਾਕਟਰ ਬਲਜੀਤ ਕੌਰ ਮਾਨਯੋਗ ਕੈਬਨਿਟ ਮੰਤਰੀ ਪੰਜਾਬ ਸਰਕਾਰ ਵੱਲੋਂ ਕੀਤਾ ਗਿਆ ਅਤੇ ਉਨ੍ਹਾਂ ਵੱਲੋਂ ਡਾਕਟਰ ਐਸ ਪੀ ਸਿੰਘ ਉਬਰਾਏ ਵਲੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ ਗਈ ਅਤੇ ਮੁਫ਼ਤ ਆਰ ਉ ਸਿਸਟਮ ਦੇਂਣ ਲਈ ਉਬਰਾਏ ਦਾ ਧੰਨਵਾਦ ਕੀਤਾ ਗਿਆ। ਗੁਰਬਿੰਦਰ ਸਿੰਘ ਬਰਾੜ ਇੰਚਾਰਜ ਮਾਲਵਾ ਜੋਨ ਅਤੇ ਅਰਵਿੰਦਰ ਪਾਲ ਸਿੰਘ ਚਾਹਲ ਜ਼ਿਲਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਮਾਲਵਾ ਜੋਨ ਵਿਚ ਪਾਣੀ ਬਹੁਤ ਹੀ ਮਾੜਾ ਹੈ ਅਤੇ ਪੀਣ ਯੋਗ ਨਹੀਂ ਹੈ ਇਸ ਦਾ ਮਨੁੱਖੀ ਸਿਹਤ ਤੇ ਬਹੁਤ ਬੁਰਾ ਪ੍ਰਭਾਵ ਪੈਂਦਾ ਹੈ। ਅਰਵਿੰਦਰ ਪਾਲ ਸਿੰਘ ਚਾਹਲ ਜ਼ਿਲਾ ਪ੍ਰਧਾਨ ਨੇ ਕਿਹਾ ਕਿ ਇਸ ਤੋਂ ਪਹਿਲਾਂ ਜ਼ਿਲਾ ਸ੍ਰੀ ਮੁਕਤਸਰ ਸਾਹਿਬ ਵਿਚ ਸਕੂਲਾਂ ਵਿੱਚ ਅਤੇ ਹੋਰ ਜਨਤਕ ਥਾਵਾਂ ਤੇ 78 ਦੇ ਕਰੀਬ ਮੁਫ਼ਤ ਆਰ ਉ ਸਿਸਟਮ ਲਗਾਏ ਜਾ ਚੁੱਕੇ ਹਨ ਅਤੇ ਇਹ ਲੜੀ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਕਈ ਹੋਰ ਰਾਜਾਂ ਵਿਚ ਵੀ ਜਾਰੀ ਹੈ। ਇਸ ਮੌਕੇ ਅਰਸ਼ ਸਿੱਧੂ ਪੀ ਏ, ਹਸਪਤਾਲ ਦਾ ਸਟਾਫ, ਸਕੂਲ ਦਾ ਸਟਾਫ, ਮਲੋਟ ਇਲਾਕੇ ਦੇ ਪਤਵੰਤੇ, ਅਰਵਿੰਦਰ ਪਾਲ ਸਿੰਘ ਚਾਹਲ ਜ਼ਿਲਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ, ਅਨਿਲ ਜੁਨੇਜਾ ਪ੍ਰਧਾਨ ਮਲੋਟ ਇਕਾਈ, ਚਰਨਜੀਤ ਸਿੰਘ,ਸੁਖਬੀਰ ਸਿੰਘ ਅਤੇ ਮਲੋਟ ਇਕਾਈ ਦੇ ਸਮੂਹ ਸੇਵਾਦਾਰ ਹਾਜ਼ਰ ਸਨ।



# ਬਠਿੰਡਾ ਜੇਲ੍ਹ ਦੀ ਵੀਡੀਓ ਵਾਇਰਲ ਹੋਣ ਦਾ ਮਾਮਲਾ ਭਖ਼ਿਆ

ਬਠਿੰਡਾ
-ਜਸਵੀਰ ਔਲਖ-
-ਰੋਜ਼ਾਨਾ ਸਵੇਰਾ-

ਬਠਿੰਡਾ ਦੀ ਕੇਂਦਰੀ ਜੇਲ੍ਹ ਕੈਦੀਆਂ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਮੁੜ ਚਰਚਾ ਵਿੱਚ ਆ ਗਈ ਹੈ। ਇਸ ਜੇਲ੍ਹ ਵਿੱਚ ਕੁਝ ਕੈਦੀਆਂ ਨੇ ਜੇਲ੍ਹ ਪ੍ਰਸ਼ਾਸਨ ਦੀ ਪੋਲ ਖੋਲ੍ਹਦਿਆਂ ਗੰਭੀਰ ਦੋਸ਼ ਲਾਏ ਹਨ। ਹਾਲਾਂਕਿ, ਇਸ ਵੀਡੀਓ ਸਬੰਧੀ ਪਹਿਲਾਂ ਹੀ ਪਤਾ ਲੱਗ ਜਾਣ ਕਰ ਕੇ ਲੰਘੀ 4 ਅਪਰੈਲ ਨੂੰ ਜੇਲ੍ਹ ਅਧਿਕਾਰੀਆਂ ਦੇ ਬਿਆਨਾਂ ’ਤੇ ਥਾਣਾ ਕੈਂਟ ਦੀ ਪੁਲੀਸ ਵੱਲੋਂ ਇੱਕ ਹਵਾਲਾਤੀ ਸਣੇ 12 ਕੈਦੀਆਂ ਖ਼ਿਲਾਫ਼ ਕੇਸ ਦਰਜ ਕੀਤਾ ਜਾ ਚੁੱਕਾ ਹੈ। ਇਸ ਤੋਂ ਇਲਾਵਾ ਵੀਡੀਓ ਬਣਾਉਣ ਵਾਲੇ ਇਨ੍ਹਾਂ ਕੈਦੀਆਂ ਵਿਚੋਂ ਕਰੀਬ ਛੇ ਜਣਿਆਂ ਨੂੰ ਸੂਬੇ ਦੀਆਂ ਤਿੰਨ ਹੋਰ ਜੇਲ੍ਹਾਂ ਵਿਚ ਤਬਦੀਲ ਕੀਤਾ ਜਾ ਚੁੱਕਾ ਹੈ।

ਦੱਸਣਾ ਬਣਦਾ ਹੈ ਕਿ ਬਠਿੰਡਾ ਦੀ ਇਸ ਜੇਲ੍ਹ ਵਿਚ ਕਰੀਬ 50 ਦੇ ਕਰੀਬ ਖਤਰਨਾਕ ਗੈਂਗਸਟਰ ਬੰਦ ਹਨ, ਜਿਨ੍ਹਾਂ ਵਿੱਚ ਲਾਰੈਂਸ ਬਿਸ਼ਨੋਈ ਵੀ ਸ਼ਾਮਲ ਹੈ। ਜੇਲ੍ਹ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਕੇਂਦਰੀ ਸੁਰੱਖਿਆ ਬਲਾਂ ਹਵਾਲੇ ਹੈ। ਗੌਰਤਲਬ ਹੈ ਕਿ ਇਸ ਵਾਇਰਲ ਹੋਈ ਵੀਡੀਓ ਵਿੱਚ ਕੈਦੀਆਂ ਨੇ ਜੇਲ੍ਹ ਦੇ ਚਾਰ ਡਿਪਟੀ ਸੁਪਰਡੈਂਟਾਂ ਅਤੇ ਸਹਾਇਕ ਸੁਪਰਡੈਂਟਾਂ ਉੱਪਰ ਦੋਸ਼ ਲਗਾਉਂਦਿਆਂ ਪੈਸਿਆਂ ਬਦਲੇ ਜੇਲ੍ਹ ਵਿੱਚ ਨਸ਼ਾ ਵਿਕਾਉਣ ਅਤੇ ਮੋਬਾਈਲ ਫ਼ੋਨ ਦੇਣ ਦਾ ਦਾਅਵਾ ਕੀਤਾ ਹੈ ਅਤੇ ਮਾਮਲੇ ਦੀ ਉੱਚ ਪੱਧਰੀ ਪੜਤਾਲ ਮੰਗੀ ਸੀ। ਕੈਦੀਆਂ ਨੇ ਪੰਜ ਮੋਬਾਈਲ ਫੋਨ ਸਾਹਮਣੇ ਰੱਖਦਿਆਂ ਕਿਹਾ ਕਿ ਇੱਥੇ ਪੈਸੇ ਨਾਲ ਹਰ ਚੀਜ਼ ਮਿਲਦੀ ਹੈ ਅਤੇ ਇੱਥੇ ਕੋਈ ਸੁਰੱਖਿਆ ਨਹੀਂ ਹੈ। ਦੂਜੇ ਪਾਸੇ, ਜੇਲ੍ਹ ਦੇ ਸੁਪਰਡੈਂਟ ਐੱਨ.ਡੀ. ਨੇਗੀ ਨੇ ਕਿਹਾ ਕਿ ਕੈਦੀਆਂ ਨੇ ਜੇਲ੍ਹ ਅਧਿਕਾਰੀਆਂ ਦਾ ਅਕਸ ਖ਼ਰਾਬ ਕਰਨ ਲਈ ਅਜਿਹਾ ਕੀਤਾ ਹੈ ਤੇ ਉਨ੍ਹਾਂ ਖ਼ਿਲਾਫ਼ ਕੇਸ ਦਰਜ ਕੀਤਾ ਜਾ ਚੁੱਕਾ ਹੈ।

# ਡਿਪਟੀ ਕਮਿਸ਼ਨਰ ਨੇ ਵਿਸਾਖੀ ਮੇਲੇ ਦੀਆਂ ਤਿਆਰੀਆਂ ਸਬੰਧੀ ਕੀਤੀ ਰੀਵਿਊ ਬੈਠਕ



ਬਠਿੰਡਾ
-ਜਸਵੀਰ ਔਲਖ-
-ਰੋਜ਼ਾਨਾ ਸਵੇਰਾ-

ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਨੇ ਤਖਤ ਸ਼੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਵਿਖੇ ਹਰ ਸਾਲ ਮਨਾਏ ਜਾਣ ਵਾਲੇ ਵਿਸਾਖੀ ਮੇਲੇ ਦੀਆਂ ਤਿਆਰੀਆਂ ਸਬੰਧੀ ਦਫ਼ਤਰ ਨਗਰ ਕੌਂਸਲ ਵਿਖੇ ਰੀਵਿਊ ਬੈਠਕ ਕੀਤੀ। ਇਸ ਮੌਕੇ ਉਨ੍ਹਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਇੱਕ ਟੀਮ ਵਰਕ ਦੀ ਤਰ੍ਹਾਂ ਸੌਂਪੀਆਂ ਗਈਆਂ ਜਿੰਮੇਵਾਰੀਆਂ ਨੂੰ ਪੂਰੀ ਤਨਦੇਹੀ ਮਿਹਨਤ ਅਤੇ ਲਗਨ ਨਾਲ ਨਿਭਾਉਣ ਦੇ ਲੋੜੀਂਦੇ ਆਦੇਸ਼ ਦਿੱਤੇ। ਇਸ ਮੌਕੇ ਉਨ੍ਹਾਂ ਦੇ ਨਾਲ ਚੀਫ਼ ਵਿੱਪ ਪ੍ਰੋ: ਬਲਜਿੰਦਰ ਕੌਰ ਵਿਸ਼ੇਸ਼ ਤੌਰ ਤੇ ਹਾਜ਼ਰ ਰਹੇ।

ਇਸ ਮੌਕੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਵਿਸਾਖੀ ਦਾ ਮੇਲਾ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 14 ਅਪ੍ਰੈਲ ਨੂੰ ਪੂਰੀ ਸ਼ਰਧਾ ਅਤੇ ਪ੍ਰੇਮ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਐਸ.ਡੀ.ਐਮ. ਤਲਵੰਡੀ ਸਾਬੋ ਨੂੰ ਮੇਲਾ ਅਫ਼ਸਰ ਨਿਯੁਕਤ ਕੀਤਾ ਗਿਆ ਹੈ।ਉਨ੍ਹਾਂ ਮੇਲਾ ਅਫ਼ਸਰ-ਕਮ-ਉਪ ਮੰਡਲ ਮੈਜਿਸਟ੍ਰੇਟ ਤਲਵੰਡੀ ਸਾਬੋ ਨੂੰ ਹਦਾਇਤ ਕਰਦਿਆਂ ਕਿਹਾ ਉਹ ਸੀਨੀਅਰ ਪੁਲਿਸ ਕਪਤਾਨ ਨਾਲ ਤਾਲਮੇਲ ਕਰਕੇ ਐਨਡੀਆਰਐਫ਼ ਅਤੇ ਗੋਤਾਖ਼ੋਰ ਟੀਮ ਦਾ ਪ੍ਰਬੰਧ ਕਰਨਾ ਲਾਜ਼ਮੀ ਬਣਾਉਣ। ਉਨ੍ਹਾਂ ਡੀਐਸਪੀ ਤਲਵੰਡੀ ਸਾਬੋ ਨੂੰ ਕਿਹਾ ਕਿ ਉਹ ਪੁੱਛ-ਗਿੱਛ ਕੇਂਦਰਾਂ ਅਤੇ ਕੰਟਰੋਲ ਰੂਮਾਂ ਤੇ ਸੁਰੱਖਿਆ ਕਰਮਚਾਰੀਆਂ ਦੀ ਡਿਊਟੀ ਲਗਾਉਣਗੇ ਅਤੇ ਪੈਟਰੋਲਿੰਗ ਟੀਮਾਂ ਦਾ ਪ੍ਰਬੰਧ ਕਰਨਗੇ।

ਡਿਪਟੀ ਕਮਿਸ਼ਨਰ ਨੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਮੇਲੇ ਦੌਰਾਨ ਕਿਸੇ ਵੀ ਅਣ-ਸੁਖਾਵੀਂ ਘਟਨਾ ਨਾਲ ਨਜਿੱਠਣ ਲਈ ਸੀਨੀਅਰ ਪੁਲਿਸ ਕਪਤਾਨ ਦੀ ਮੰਗ ਅਨੁਸਾਰ ਫਾਇਰ ਬ੍ਰਿਗੇਡ ਦਾ ਪ੍ਰਬੰਧ ਕਰਨ ਲਈ ਕਿਹਾ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸੀਐਮਓ ਬਠਿੰਡਾ ਮੈਡੀਕਲ ਫਸਟ ਏਡ ਪੋਸਟਾਂ ਦੇ ਕੰਮ ਲਈ ਓਵਰਆਲ ਇੰਚਾਰਜ ਹੋਣਗੇ। ਮੇਲੇ ਦੌਰਾਨ ਸਹਾਇਤਾ ਕੇਂਦਰ ਅਤੇ ਫਸਟ ਏਡ ਪੋਸਟਾਂ ਮੇਲਾ ਅਫ਼ਸਰ, ਤਵਲੰਡੀ ਸਾਬੋ ਨਾਲ ਤਾਲਮੇਲ ਕਰਕੇ ਬਣਾਈਆਂ ਜਾਣ। ਉਨ੍ਹਾਂ ਕਿਹਾ ਕਿ ਦੋ ਫਸਟ ਏਡ ਪੋਸਟਾਂ ਸਰੋਵਰ ਤੇ ਵੀ ਲਗਾਈਆਂ ਜਾਣ। ਉਨ੍ਹਾਂ ਕਿਹਾ ਕਿ ਡਿਪਟੀ ਡਾਇਰੈਕਟਰ ਸਥਾਨਕ ਸਰਕਾਰਾਂ ਮੇਲੇ ਦੌਰਾਨ ਸੈਨੀਟੇਸ਼ਨ ਦੇ ਓਵਰਆਲ ਇੰਚਾਰਜ ਹੋਣਗੇ। ਮੇਲੇ ਤੋਂ ਪਹਿਲਾਂ-ਪਹਿਲਾਂ ਤਲਵੰਡੀ ਸਾਬੋ ਸ਼ਹਿਰ ਦੀ ਸਟਰੀਟ ਲਾਇਟ ਦੀ ਰਿਪੇਅਰ, ਸ਼ਹਿਰ ਅੰਦਰਲੀਆਂ ਸੜਕਾਂ ਦੇ ਡਿਵਾਈਡਰਾਂ ਦੀ ਰਿਪੇਅਰ ਅਤੇ ਰੰਗ ਰੋਗਨ, ਸੜਕਾਂ ਤੋਂ ਮਲਬਾ ਚੁਕਾਉਣਾ ਤੇ ਸ਼ਹਿਰ ਅੰਦਰਲੀਆਂ ਸੜਕਾਂ ਦੀ ਰਿਪੇਅਰ ਕਰਵਾਉਣਾ ਯਕੀਨੀ ਬਣਾਉਗੇ।ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਕਾਰਜਕਾਰੀ ਇੰਜਨੀਅਰ ਜਨ ਸਿਹਤ ਨੂੰ ਹਦਾਇਤ ਕਰਦਿਆਂ ਕਿਹਾ ਕਿ ਉਹ ਮੇਲੇ ਦੌਰਾਨ ਆਮ ਜਨਤਾ ਅਤੇ ਸ਼ਰਧਾਲੂਆਂ ਲਈ ਵੱਖ-ਵੱਖ ਥਾਵਾਂ ਤੇ ਆਰਜੀ ਪਖ਼ਾਨੇ ਬਣਵਾਉਣਗੇ। ਇਸ ਤੋਂ ਇਲਾਵਾ ਆਰਜੀ ਬੱਸ ਅੱਡਿਆਂ, ਸਕਿਉਰਟੀ ਫੋਰਸਾਂ ਵਾਲੇ ਕੈਂਪਾਂ ਤੇ ਵੀ ਇਹ ਪ੍ਰਬੰਧ ਕਰਨੇ ਯਕੀਨੀ ਬਣਾਏ ਜਾਣ। ਉਨ੍ਹਾਂ ਵਣ ਮੰਡਲ ਅਫ਼ਸਰ ਨੂੰ ਆਦੇਸ਼ ਦਿੰਦਿਆਂ ਕਿਹਾ ਕਿ ਉਹ ਤਲਵੰਡੀ ਸਾਬੋ ਨੂੰ ਜਾਣ ਵਾਲੀਆਂ ਸੜਕਾਂ ਦੇ ਕਿਨਾਰੇ ਟਰੈਫ਼ਿਕ ਵਿੱਚ ਵਿਘਨ ਪਾਉਣ ਵਾਲੇ ਦਰੱਖ਼ਤਾ ਦੀ ਕਾਂਟ-ਛਾਂਟ ਕਰਵਾਉਣਗੇ। ਉਨ੍ਹਾਂ ਜਨਰਲ ਮੈਨੇਜ਼ਰ ਬੀਐਸਐਨਐਲ ਨੂੰ ਕਿਹਾ ਕਿ ਉਹ ਟੈਲੀਫੋਨ ਖੰਭਿਆਂ ਅਤੇ ਤਾਰਾ ਦੀ ਚੈਕਿੰਗ ਕਰਕੇ ਇਨ੍ਹਾਂ ਦੇ ਠੀਕ ਹੋਣ ਸਬੰਧੀ ਸਰਟੀਫਿਕੇਟ ਮੇਲਾ ਅਫ਼ਸਰ ਨੂੰ ਦੇਣਗੇ।

ਜਨਰਲ ਮੈਨੇਜ਼ਰ ਪੀਆਰਟੀਸੀ ਰਿਕਵਰੀ ਵੈਨਾਂ, ਵਾਧੂ ਬੱਸਾਂ ਦਾ ਪ੍ਰਬੰਧ ਕਰਨਗੇ। ਮੀਟਿੰਗ ਉਪਰੰਤ ਡਿਪਟੀ ਕਮਿਸ਼ਨਰ ਵਲੋਂ ਉਪ ਮੰਡਲ ਮੈਜਿਸਟ੍ਰੇਟ ਤਲਵੰਡੀ ਸਾਬੋ ਦੀ ਬਨਣ ਵਾਲੀ ਨਵੀਂ ਇਮਾਰਤ ਦਾ ਵੀ ਦੌਰਾ ਕਰਕੇ ਜਾਇਜ਼ਾ ਲਿਆ ਗਿਆ।ਇਸ ਮੌਕੇ ਐਸ.ਡੀ.ਐਮ ਤਲਵੰਡੀ ਸਾਬੋ ਗਗਨਦੀਪ ਸਿੰਘ,ਸਹਾਇਕ ਕਮਿਸ਼ਨਰ ਜਨਰਲ ਪੰਕਜ, ਕਾਰਜਕਾਰੀ ਇੰਜੀਨੀਅਰ ਬੀਐਂਡਆਰ ਇਯੂਸ਼ ਤੋਂ ਇਲਾਵਾ ਐਨ.ਡੀ.ਆਰ.ਐਫ਼, ਪੁਲਿਸ ਅਤੇ ਸਿਵਲ ਪ੍ਰਸ਼ਾਸਨ ਨਾਲ ਸਬੰਧਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਉਨ੍ਹਾਂ ਦੇ ਨੁਮਾਇੰਦੇ ਹਾਜ਼ਰ ਸਨ।

# ਕੇਂਦਰੀ ਟੀਮ ਨੇ ਬਦਰੰਗ ਦਾਣਿਆਂ ਦੇ ਲਏ ਨਮੂਨੇ



ਬਠਿੰਡਾ -ਜਸਵੀਰ ਔਲਖ-
-ਰੋਜ਼ਾਨਾ ਸਵੇਰਾ-

ਬੇਮੌਸਮੀ ਬਾਰਿਸ਼ ਅਤੇ ਝੱਖੜ ਕਾਰਨ ਨੁਕਸਾਨੀ ਫਸਲ ਦਾ ਨਿਰੀਖਣ ਕਰਨ ਲਈ ਕੇਂਦਰੀ ਫੂਡ ਮੰਤਰਾਲੇ ਦੀ ਟੀਮਾਂ ਪੰਜਾਬ ਦੀਆਂ ਮੰਡੀਆਂ ਵਿੱਚ ਪੁੱਜਣੀਆਂ ਸ਼ੁਰੂ ਹੋ ਗਈਆਂ ਹਨ। ਅੱਜ ਬਠਿੰਡਾ ਜ਼ਿਲ੍ਹੇ ਦੀਆਂ ਮੰਡੀਆਂ ਵਿਚ ਕੇਂਦਰੀ ਫੂਡ ਮੰਤਰਾਲੇ ਦੀ ਟੀਮ ਨੇ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਤਲਵੰਡੀ ਸਾਬੋ, ਭਾਗੀ ਵਾਂਦਰ ਅਤੇ ਬਠਿੰਡਾ ਦੇ ਮੁੱਖ ਯਾਰਡ ਵਿਚ ਕਣਕ ਦੀ ਸੈਂਪਲਿੰਗ ਕੀਤੀ ਅਤੇ ਨਾਲ ਲੱਗਦੇ ਖੇਤਾਂ ਵਿਚ ਵੀ ਡਿੱਗੀ ਕਣਕ ਦੀਆਂ ਬੱਲੀਆਂ ਦੇ ਨਮੂਨੇ ਲਏ। ਇਸ ਮੌਕੇ ਉਨ੍ਹਾਂ ਨਾਲ ਡਿਪਟੀ ਡਾਇਰੈਕਟਰ ਪਟਿਆਲਾ ਮਨੀਸ਼ ਨਰੂਲਾ ਅਤੇ ਜ਼ਿਲ੍ਹੇ ਦੇ ਡੀਐੱਫਸੀ ਸਰਤਾਜ ਸਿੰਘ ਚੀਮਾ ਵੀ ਮੌਜੂਦ ਸਨ। ਇਸ ਮੌਕੇ ਜ਼ਿਲ੍ਹਾ ਫੂਡ ਅਤੇ ਸਪਲਾਈ ਕੰਟਰੋਲਰ ਸਰਤਾਜ ਚੀਮਾ ਅਤੇ ਕੇਂਦਰੀ ਏਜੰਸੀ ਦੇ ਮੁਖੀ ਸ੍ਰੀ ਵਾਈ ਬਆਏਆ ਨੇ ਦੱਸਿਆ ਕਿ 4 ਜ਼ਿਲ੍ਹਿਆ ਸੰਗਰੂਰ, ਬਰਨਾਲਾ, ਬਠਿੰਡਾ ਅਤੇ ਮਾਨਸਾ ਨਾਲ ਸਬੰਧਤ ਮੰਡੀਆਂ ਦਾ ਦੌਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਬੇਮੌਸਸੀ ਬਾਰਿਸ਼ ਅਤੇ ਝੱਖੜ ਕਾਰਨ ਨੁਕਸਾਨੀ ਗਈ ਫ਼ਸਲ ਵਿਚ ਦਾਣੇ ਦੀ ਗੁਣਵੱਤਾ, ਸਾਈਜ਼ ਅਤੇ ਟੁੱਟ ਬਾਰੇ ਉਹ ਰਿਪੋਰਟ ਇਕੱਠੀ ਕਰੇ ਰਹੇ ਹਨ। ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਜ਼ਿਲ੍ਹੇ ਦੀ ਐੱਫ.ਐੱਫ.ਡੀ (ਫੂਡ ਸਟੋਰੇਜ ਡੰਪ) ਵਿਚ ਕੀਤੀ ਗਈ ਸੈਂਪਲਿੰਗ ਦੀ ਰਿਪੋਰਟ ਇਕੱਠੀ ਕਰ ਕੇ ਦਿੱਲੀ ਭੇਜੀ ਜਾਵੇਗੀ। ਡੀਐੱਫਐੱਸੀ ਸਰਤਾਜ ਸਿੰਘ ਚੀਮਾ ਨੇ ਕਿਹਾ ਕਿ ਕੇਂਦਰੀ ਟੀਮ ਨੂੰ ਕਿਸਾਨ ਦੇ ਨੁਕਸਾਨ ਬਾਰੇ ਜਾਣੂ ਕਰਵਾ ਦਿੱਤਾ ਹੈ ਤੇ ਰਾਹਤ ਦੇਣ ਬਾਰੇ ਵੀ ਕਿਹਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਅੰਦਰ ਖ਼ਰੀਦ ਏਜੰਸੀਆਂ ਦੇ ਪ੍ਰਬੰਧ ਮੁਕੰਮਲ ਕਰ ਲਏ ਹਨ ਅਤੇ ਮੰਡੀਆਂ ਦੀ ਸਾਫ਼ ਸਫ਼ਾਈ ਅਤੇ ਢੋਆ-ਢੁਆਈ ਦੇ ਪ੍ਰਬੰਧ ਵੀ ਨੇਪਰੇ ਚਾੜ ਦਿੱਤੇ ਹਨ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਕਿਸਾਨ 12 ਫ਼ੀਸਦ ਨਮੀ ਵਾਲੀ ਸਾਫ਼ ਕਣਕ ਹੀ ਮੰਡੀਆਂ ਵਿਚ ਲੈ ਕੇ ਆਉਣ ਤਾਂ ਜੋ ਕੋਈ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

# ਮਜ਼ਦੂਰ ਯੂਨੀਅਨ ਵਿਖੇ ਨਸ਼ਿਆਂ ਵਿਰੋਧੀ ਜਾਗਰੂਕਤਾ ਸੈਮੀਨਾਰ ਆਯੋਜਿਤ

ਬਠਿੰਡਾ -ਜਸਵੀਰ ਔਲਖ-
-ਰੋਜ਼ਾਨਾ ਸਵੇਰਾ-

ਕਾਰਜਾਕਾਰੀ ਸਿਵਲ ਸਰਜਨ ਫਰੀਦਕੋਟ ਡਾ.ਚੰਦਰ ਸ਼ੇਖਰ ਕੱਕੜ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਿਪਟੀ ਮੈਡੀਕਲ ਕਮਿਸ਼ਨਰ ਡਾ.ਧੀਰਾ ਗੁਪਤਾ ਦੀ ਯੋਗ ਅਗਵਾਈ ਹੇਠ ਵੱਖ-ਵੱਖ ਸਕੂਲਾਂ,ਕਾਲਜਾਂ ਅਤੇ ਪਿੰਡ-ਕਸਬਿਆਂ ਵਿੱਚ ਨਸ਼ਾ ਵਿਰੋਧੀ ਸਰਗਰਮੀਆਂ ਦਾ ਆਯੋਜਨ ਕੀਤਾ ਜਾ ਰਿਹਾ ਹੈ।

ਇਸੇ ਹੀ ਲੜੀ ਤਹਿਤ ਨੋਡਲ ਅਫਸਰ ਆਈ.ਈ.ਸੀ ਗਤੀਵਿਧੀਆਂ ਬੀ.ਈ.ਈ ਡਾ.ਪ੍ਰਭਦੀਪ ਸਿੰਘ ਚਾਵਲਾ,ਮਲਟੀਪਰਪਜ਼ ਹੈਲਥ ਵਰਕਰ ਜਸਮੇਲ ਸਿੰਘ ਅਤੇ ਮਨਦੀਪ ਸਿੰਘ ਨੇ ਸਥਾਨਕ ਆਰਾ ਮਾਰਕਿਟ ਨੇੜੇ ਕਿਰਤੀ ਮਜ਼ਦੂਰ ਨਿਰਮਾਣ ਯੂਨੀਅਨ ਵਿਖੇ ਨਸ਼ਿਆਂ,ਤੰਬਾਕੂ ਅਤੇ ਸ਼ਰਾਬ ਦੇ ਮਾੜੇ ਪ੍ਰਭਾਵਾਂ ਸਬੰਧੀ ਇੱਕ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ।ਭਾਰੀ ਗਿਣਤੀ ਵਿੱਚ ਹਾਜਰ ਰਕਸ਼ਾ ਅਤੇ ਟਾਂਗਾ ਚਾਲਕਾਂ,ਮਿਸਤਰੀ-ਦਿਹਾੜੀਦਾਰ ਕਾਮਿਆਂ ਨੂੰ ਸਿਹਤ ਵਿਭਾਗ ਦੇ ਡਰੱਗ-ਡੀ-ਅਡਿਕਸ਼ਨ ਅਧੀਨ ਨਸ਼ਾ ਛੁਡਾਉ ਕੇਂਦਰ,ਪੁਨਰਵਾਸ ਕੇਂਦਰ ਅਤੇ ਓਟ ਕਲੀਨਿਕਾਂ ਵਿੱਚ ਮੁਹੱਈਆ ਮੁਫਤ ਇਲਾਜ,ਹੋਰ ਸਿਹਤ ਸਹੂਲਤਾਂ ਅਤੇ ਸੁਵਿਧਾਵਾਂ ਸਬੰਧੀ ਵਿਸਥਾਰ ਜਾਣਕਾਰੀ ਦਿੱਤੀ ਗਈ। ਡਾ.ਪ੍ਰਭਦੀਪ ਨੇ ਕਿਰਤੀ ਮਜ਼ਦੂਰ ਨਿਰਮਾਣ ਯੂਨੀਅਨ ਮੈਂਬਰਾਂ ਅਤੇ ਹੋਰ ਭਾਗੀਦਾਰਾਂ ਨੂੰ ਸ਼ਰਾਬ, ਨਸ਼ਿਆ ਅਤੇ ਤੰਬਾਕੂ ਉਤਪਾਦਾਂ ਤੋਂ ਦੂਰ ਰਹਿਣ ਦੀ ਪ੍ਰੇਰਣਾ ਵੀ ਦਿੱਤੀ।

ਉਨਾਂ ਕਿਹਾ ਕਿ ਖੂਨ-ਪਸੀਨੇ ਦੀ ਮਿਹਨਤ ਨਾਲ ਕੀਤੀ ਕਮਾਈ ਆਪਣੀ ਤੇ ਆਪਣੇ ਪਰਿਵਾਰਕ ਮੈਂਬਰਾਂ ਦੀ ਚੰਗੀ ਸਿਹਤ ਅਤੇ ਵਧੀਆ ਭਵਿੱਖ ਲਈ ਲਗਾਉਣੀ ਚਾਹੀਦੀ ਹੈ। ਅੰਤ ਵਿੱਚ ਵਿਭਾਗ ਵੱਲੋਂ ਤਿਆਰ ਕੀਤੀ ਜਾਗਰੂਕਤਾ ਸਮੱਗਰੀ ਵੀ ਤਕਸੀਮ ਕੀਤੀ ਗਈ।ਸੈਮੀਨਾਰ ਦੀ ਸਫਲਤਾ ਵਿੱਚ ਪੁਲਿਸ ਪੀ.ਸੀ.ਆਰ ਪਾਰਟੀ ਦੇ ਮੈਂਬਰ ਮੁਨਸ਼ੀ ਧਰਮਪਾਲ ਸਿੰਘ,ਰਣਧੀਰ ਸਿੰਘ ਅਤੇ ਸਵਰਣ ਸਿੰਘ ਨੇ ਅਹਿਮ ਯੋਗਦਾਨ ਪਾਇਆ

## ਸ਼ਬਦੋ ਵਣਜਾਰਿਓ

# ਠੱਗ



ਪਰਮਜੀਤ ਢੀਂਗਰਾ
94173-58120

ਪੰਜਾਬੀ ਕੋਸ਼ਾਂ ਅਨੁਸਾਰ ਠੱਗ ਦਾ ਅਰਥ ਹੈ-ਬੇਈਮਾਨ, ਧੋਖਾ ਦੇ ਕੇ ਮਾਰਨ ਤੇ ਲੁਟਣ ਵਾਲਾ, ਠੱਗੀ ਮਾਰਨ ਵਾਲਾ ਵਿਅਕਤੀ, ਨੌਸਰਬਾਜ਼, ਠਗਉਰ-ਠੱਗੀ ਠੋਰੀ, ਵਲ-ਛਲ, ਠਗਉਰੀ-ਨਸ਼ੇ ਵਾਲੀ ਵਸਤੂ ਜਿਸ ਨਾਲ ਬੇਹੋਸ਼ ਕਰ ਕੇ ਠੱਗ ਧਨ ਲੁਟਦਾ ਹੈ, ਠਗਮਰੀ, ਠੱਗਬੂਟੀ, ਠਗਹਾਰਾ-ਠੱਗਣਹਾਰ, ਠੱਗ ਟੋਲਾ-ਠੱਗਾਂ ਦੀ ਮੰਡਲੀ, ਠੱਗਣੀ-ਠੱਗ ਲੈਣ ਵਾਲੀ ਔਰਤ, ਠਗਦੇਓ-ਠੱਗਾਂ ਦਾ ਦੇਵਤਾ, ਮੁਖੀਆ ਠੱਗ, ਠੱਗਨੀਰ-ਮ੍ਰਿਗਤ੍ਰਿਸ਼ਨਾ ਦਾ ਜਲ, ਠੱਗਪੁਣਾ-ਠੱਗੀ ਕਰਨ ਦੀ ਆਦਤ, ਠੱਗਬਾਜ਼ੀ- ਧੋਖੇਬਾਜ਼ੀ, ਠੱਗੀ, ਠੱਗ ਵਿੱਦਿਆ-ਠੱਗੀ ਕਰਨ ਦਾ ਕਸਬ ਜਾਂ ਢੰਗ, ਠੱਗਮੂਰੀ-ਠੱਗਬੂਟੀ, ਠੱਗ ਰਾਜ-ਮਹਾਂ ਠੱਗ, ਵੱਡਾ ਠੱਗ, ਠਗਵਾਈ/ਠਗਾਈ-ਠੱਗੀ, ਛੱਲ, ਫਰੇਬ, ਠੱਗਵਾਰੀ-ਠੱਗੀ, ਧੋਖੇਬਾਜ਼ੀ। ਠੱਗ ਮੰਡਲੀ, ਠਗਵਾੜਾ-ਠੱਗਣ ਵਾਲਾ, ਠਗਵਾਲੀ-ਠੱਗਣ ਵਾਲੀ, ਠਗਾਉਣਾ-ਕਿਸੇ ਤੋਂ ਠੱਗੀ ਕਰਵਾਉਣਾ, ਠਗਾਊ-ਠਗਾਈ ਖਾਣ ਵਾਲਾ, ਠੱਗ ਦੇ ਚੁੰਗਲ ਵਿਚ ਫਸਣ ਵਾਲਾ, ਠੱਗਾਂ ਦਾ ਠੱਗ-ਮਹਾਂ ਠੱਗ, ਠਗਿਆਈ-ਠਗਾਈ, ਠੱਗੀਆਂ-ਠੱਗਣ ਵਾਲਾ, ਛਲੀਆ, ਠੱਗੂ-ਠੱਗਣ ਵਾਲਾ ਵਿਅਕਤੀ, ਠਗੌਰੀ, ਠਗੌਲੀ, ਬਨਾਰਸੀ ਠੱਗ, ਠੱਗਣਾ-ਧੋਖਾ ਦੇ ਕੇ ਮਾਲ ਲੁਟਣਾ, ਠੱਗਣਹਾਰਾ, ਇਸ ਨਾਲ ਜੁੜੇ ਕਈ ਮੁਹਾਵਰੇ ਵੀ ਹਨ ਜਿਵੇਂ-ਠੱਗ ਨਾ ਦੇਖੇ, ਦੇਖੇ ਕਸਾਈ ਸ਼ੇਰ ਦਾ, ਦੇਖੋ-ਦੇਖੋ ਬਲਾਈ, ਠੱਗ ਮਿਲੇਂਦੇ ਠੱਗਾਂ, ਸਿਰੋਂ ਲਾਹ ਘਿਨੇਂਦੇ ਪੱਗਾਂ, ਭੂਲੋ ਰੇ ਠੱਗਮੂਰੀ ਖਾਈ, ਹਉ ਠੱਗਵਾੜਾ ਠੱਗੀ ਦੇਸ਼, ਲੋਕ ਦੁਰਾਇ ਕਰਤ ਠਗਿਆਈ, ਠਗੈ ਸੇਤੀ ਠਗੁ ਰਲਿ ਆਇਆ ਸਾਥ ਭਿ ਇਕੋ ਜਿਹਾ। ਭਾਰਤੀ ਇਤਿਹਾਸ ਵਿਚ ਬੀਤੀਆਂ ਦੋ ਸਦੀਆਂ ਲੁਟੇਰਿਆਂ, ਠੱਗਾਂ ਦੀਆਂ ਕਰਤੂਤਾਂ ਨਾਲ ਰੰਗੀਆਂ ਪਈਆਂ ਹਨ। ਇਹ ਠੱਗ ਪੀੜ੍ਹੀ ਦਰ ਪੀੜ੍ਹੀ ਯਾਤਰੀਆਂ ਦੇ ਕਾਫ਼ਲੇ ਲੁਟਦੇ ਰਹੇ ਹਨ। ਇਨ੍ਹਾਂ ਦੀ ਫ਼ਿਤਰਤ ਯਾਤਰੀਆਂ ਨੂੰ ਲੁਟਣਾ ਤੇ ਮਾਰਨਾ ਸੀ।

ਪੁਰਾਣੇ ਸਮਿਆਂ 'ਚ ਯਾਤਰਾਵਾਂ ਬੜੀਆਂ ਔਖੀਆਂ ਹੁੰਦੀਆਂ ਸਨ। ਠੱਗਾਂ ਦੇ ਖ਼ੌਫ਼ ਕਰਕੇ ਹਥਿਆਰ ਰੱਖਣੇ ਜ਼ਰੂਰੀ ਹੁੰਦੇ ਸਨ। ਠੱਗਾਂ ਦਾ ਸ਼ਿਕਾਰ ਅਕਸਰ ਉਹ ਕਾਫ਼ਲੇ ਹੁੰਦੇ ਜੋ ਵਪਾਰ ਵੇਚ ਵੱਟ ਕੇ ਵਾਪਸ ਮੁੜ ਰਹੇ ਹੁੰਦੇ ਕਿਉਂਕਿ ਉਨ੍ਹਾਂ ਕੋਲ ਕਾਫ਼ੀ ਰੁਪਿਆ ਪੈਸਾ ਹੁੰਦਾ ਸੀ। ਅੰਗਰੇਜ਼ੀ ਰਾਜ ਵਿਚ ਇਨ੍ਹਾਂ ਦਾ ਇੰਨਾ ਡਰ ਤੇ ਖ਼ੌਫ਼ ਸੀ ਕਿ ਇਨ੍ਹਾਂ ਦੇ ਖ਼ਾਤਮੇ ਲਈ ਇਕ ਵੱਡੇ ਅੰਗਰੇਜ਼ ਅਫਸਰ ਦੀ ਕਮਾਨ ਹੇਠ ਸਪੈਸ਼ਲ ਦਸਤਾ ਤਿਆਰ ਕੀਤਾ ਗਿਆ ਸੀ। ਅੰਗਰੇਜ਼ ਅਫਸਰ ਵਿਲੀਅਮ ਸਲੀਮੈਨ ਦਾ ਨਾਂ ਇਤਿਹਾਸ ਵਿਚ ਦਰਜ ਰਹੇਗਾ ਕਿ ਉਸ ਨੇ ਸਮੁੱਚੇ ਮੱਧ ਭਾਰਤ ਨੂੰ ਠੱਗਾਂ ਦੇ ਜਾਲ ਤੋਂ ਮੁਕਤ ਕਰਾਇਆ। ਮੂਲ ਰੂਪ ਵਿਚ ਇਹ 'ਸਥ' ਧਾਤੂ ਤੋਂ ਵਿਗਸਿਆ ਹੈ। 'ਸਥਗ' ਜਿਸ ਵਿਚ ਵਸਤੂ ਨੂੰ ਗੁਪਤ ਰੂਪ ਵਿਚ ਢਕਣ ਜਾਂ ਛੁਪਾਉਣ ਦਾ ਭਾਵ ਹੈ। ਇਸ ਤੋਂ ਹੀ 'ਸਥੱਗ' ਸ਼ਬਦ ਬਣਿਆ ਜਿਸ ਦਾ ਅਰਥ ਹੈ-ਜਾਲਸਾਜ਼ੀ, ਬੇਈਮਾਨੀ। ਸਥੱਗ ਦਾ ਦੇਸੀ ਰੂਪ ਠੱਗ ਹੈ। ਠੱਗ ਜੋ ਕੁਝ ਵੀ ਕਰਦਾ ਹੈ ਗੁਪਤ ਤਰੀਕੇ ਨਾਲ ਕਰਦਾ ਹੈ। ਜਿਸ ਨੂੰ ਛੁਪਾਇਆ ਜਾਵੇ ਉਹੀ ਧੋਖਾ ਹੈ। ਇਸ ਲਈ ਠੱਗ ਨੂੰ ਧੋਖੇਬਾਜ ਕਿਹਾ ਜਾਂਦਾ ਹੈ। ਪ੍ਰਾਚੀਨ ਕਾਲ ਵਿਚ ਠੱਗੀ ਪੇਸ਼ਾ ਰਹੀ ਹੈ। ਇਕ ਵੱਡਾ ਸਮੂਹ ਸੀ ਜੋ ਪੂਰਨ ਰੂਪ ਵਿਚ ਠੱਗੀ ਦੇ ਪੇਸ਼ੇ ਨਾਲ ਜੁੜਿਆ ਹੋਇਆ ਸੀ। ਪਿੰਡਾਰੀ ਵੀ ਇਸ ਵਿਚ ਸ਼ਾਮਲ ਸਨ।

ਪ੍ਰਮਾਣਕ ਕੋਸ਼ ਵਿਚ ਦੱਖਣੀ ਭਾਰਤ ਦੇ ਮੁਸਲਿਮ ਲੁਟੇਰਿਆਂ ਨੂੰ ਪਿੰਡਾਰੀ ਕਿਹਾ ਗਿਆ ਹੈ ਜਦ ਕਿ ਕਈ ਕੋਸ਼ਾਂ ਵਿਚ ਦੱਖਣੀ ਭਾਰਤ ਦੀ ਇਕ ਜਨਜਾਤੀ ਨੂੰ ਪਿੰਡਾਰੀ ਕਿਹਾ ਗਿਆ ਹੈ। ਕਰਨਾਟਕ, ਮਹਾਂਰਾਸ਼ਟਰ ਵਿਚ ਬਹੁਤ ਸਾਰੇ ਖੇਤ ਮਜ਼ਦੂਰ ਵੀ ਪਿੰਡਾਰੀ ਸਨ। ਮਰਾਠਿਆਂ ਦੀ ਫ਼ੌਜ ਵਿਚ ਇਹ ਵੇਤਨ ਭੋਗੀ ਸਨ ਪਰ ਜਦੋਂ ਉਨ੍ਹਾਂ ਦਾ ਪਤਨ ਹੋ ਗਿਆ ਤੇ ਬੇਰੁਜ਼ਗਾਰੀ ਵਿਚ ਇਹ ਪਿੰਡਾਰੀ ਠੱਗ ਬਣ ਗਏ। ਠੱਗ ਅੱਜ ਵੀ ਹਨ ਪਰ ਉਨ੍ਹਾਂ ਦੇ ਰੂਪ ਤੇ ਕੰਮ ਕਰਨ ਦੇ ਢੰਗ ਤਰੀਕੇ ਬਦਲ ਗਏ ਹਨ। ਅੱਜ ਹਰ ਕੰਮ ਵਿਚ ਠੱਗੀ ਠੋਰੀ ਵੇਖੀ ਜਾ ਸਕਦੀ ਹੈ। •

# ਹਨੇਰਾ ਪੀਸਦੇ ਲੋਕਾਂ ਦਾ ਕਹਾਣੀਕਾਰ

## ਬਾਬੂ ਸਿੰਘ ਰੈਹਲ



• ਸਤਨਾਮ ਸਿੰਘ ਮੱਟੂ
97797-08257

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਅਲੰਬਰਦਾਰ ਬਣਾਉਣ ਅਤੇ ਪ੍ਰਫੁੱਲਤ ਕਰਨ 'ਚ ਬਹੁਤ ਸਾਰੇ ਸਾਹਿਤਕਾਰ ਆਪਣੀਆਂ ਰਚਨਾਵਾਂ ਨਾਲ ਵਡਮੁੱਲਾ ਯੋਗਦਾਨ ਪਾਉਣ ਲਈ ਯਤਨਸ਼ੀਲ ਹਨ। ਪਟਿਆਲਾ ਸ਼ਹਿਰ ਨੂੰ ਇਹ ਮਾਣ ਪ੍ਰਾਪਤ ਹੈ ਕਿ ਇਸ ਨੇ ਬਹੁਤ ਸਾਰਿਆਂ ਉੱਚ-ਪਾਏ ਦੀਆਂ ਸਾਹਿਤਕ ਹਸਤੀਆਂ ਪੈਦਾ ਕੀਤੀਆਂ ਹਨ ਅਤੇ ਜਿਨ੍ਹਾਂ ਨੇ ਸਾਹਿਤਕ ਖੇਤਰ 'ਚ ਲੰਮੀਆਂ ਪੁਲਾਂਘਾਂ ਪੁੱਟੀਆਂ ਹਨ। ਇਨ੍ਹਾਂ ਨੇ ਪੰਜਾਬੀ ਸਾਹਿਤ ਦੀ ਝੋਲੀ ਆਪਣੀਆਂ ਸਾਰਥਕ ਰਚਨਾਵਾਂ ਪਾ ਕੇ ਮਾਂ ਬੋਲੀ ਦੇ ਸਪੂਤ ਹੋਣ ਦਾ ਮਾਣ ਦਿੱਤਾ ਹੈ। ਅਜਿਹੀਆਂ ਹੀ ਪ੍ਰੌੜ੍ਹ ਸ਼ਖ਼ਸੀਅਤਾਂ ਵਿਚ ਕਹਾਣੀਕਾਰ ਬਾਬੂ ਸਿੰਘ ਰੈਹਲ ਦਾ ਨਾਂ ਵੀ ਸ਼ਾਮਿਲ ਹੈ। ਬਾਬੂ ਸਿੰਘ ਰੈਹਲ ਦਾ ਜਨਮ ਪਿੰਡ ਮੱਲ੍ਹੇਵਾਲ ਨੇੜੇ ਭਾਦਸੋਂ ਜ਼ਿਲ੍ਹਾ ਪਟਿਆਲਾ 'ਚ ਪਿਤਾ ਅਰਜਣ ਸਿੰਘ ਅਤੇ ਮਾਤਾ ਸ਼੍ਰੀਮਤੀ ਦਲੀਪ ਕੌਰ ਦੇ ਘਰ ਹੋਇਆ। ਆਪਣੀ ਜ਼ਿੰਦਗੀ ਦੀਆਂ 75 ਕੁ ਹੁਸੀਨ ਬਹਾਰਾਂ ਅਤੇ ਪੱਤਝੜਾਂ ਦਾ ਅਨੰਦ ਮਾਣ ਚੁੱਕੇ ਕਹਾਣੀਕਾਰ ਬਾਬੂ ਸਿੰਘ ਰੈਹਲ ਨੇ ਗਿਆਨੀ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੰਜਾਬੀ ਵਿਚ ਮਾਸਟਰ ਡਿਗਰੀ ਦੀ ਤਾਲੀਮ ਹਾਸਲ ਕੀਤੀ।

ਆਪਣੇ ਸਾਹਿਤਕ ਸ਼ੌਕ ਬਾਬਤ ਖੁਲਾਸਾ ਕਰਦਿਆਂ ਉਨ੍ਹਾਂ ਦੱਸਿਆ ਕਿ ਸ਼ਰੀਕੇ 'ਚੋਂ ਤਾਇਆ ਲੱਗਦੇ ਕਵੀਸ਼ਰ ਗੁਰਦਿਆਲ ਸਿੰਘ ਰੈਹਲ ਦੇ ਕਹਿਣ ਤੇ ਛੇਵੀਂ ਕਲਾਸ ਚ ਪੜ੍ਹਦਿਆਂ ਪਹਿਲੀ ਕਵਿਤਾ 'ਕਈਆਂ ਸਦੀਆਂ ਮਗਰੋਂ ਇਹ ਸਦੀ ਵੀਸਵੀਂ ਆਈ' ਲਿਖੀ। ਉਨ੍ਹਾਂ ਦੇ ਜ਼ਿਹਨ 'ਚ ਬਲ਼ਦੀ ਸਾਹਿਤ ਦੀ ਅੰਗਿਆਰੀ ਪੜ੍ਹਾਈ ਦੌਰਾਨ ਧੁਖਦੀ ਰਹੀ ਅਤੇ ਵਿਚਾਰਾਂ ਦਾ ਤੂਫ਼ਾਨ ਲਾਵਾ ਬਣ ਕੇ ਫੁੱਟਣ ਲਈ ਇਕੱਠਾ ਹੁੰਦਾ ਰਿਹਾ।

ਪੀਐਂਮਟੀ ਮਹਿਕਮਾ (ਹੁਣ ਟੈਲੀਫੋਨ ਵਿਭਾਗ) 'ਚ ਪਠਾਨਕੋਟ ਵਿਖੇ ਨਿਯੁਕਤੀ ਹੋਣ 'ਤੇ ਸ਼ਹਿਰ 'ਚ ਹੁੰਦੀਆਂ ਸਾਹਿਤ ਸਭਾਵਾਂ 'ਚ ਹਾਜ਼ਰੀ ਨਾਲ ਗੀਤਾਂ ਅਤੇ ਕਵਿਤਾਵਾਂ ਜ਼ਰੀਏ ਉਹ ਆਪਣੇ ਜ਼ਿਹਨ ਅੰਦਰੋਂ ਉੱਠਦੇ ਵਿਚਾਰਾਂ ਦੇ ਤਫ਼ਾਨ ਨੂੰ ਕੋਰੇ ਕਾਗ਼ਜ਼ ਦੀ ਹਿੱਕ ਤੇ ਝਰੀਟ ਕੇ ਠੰਢਾ ਕਰਦਾ। ਉੱਥੇ ਸਾਹਿਤ ਸਭਾ ਦੇ ਪ੍ਰੋਗਰਾਮਾਂ 'ਚ ਕਈ ਸੂਝਵਾਨ ਅਤੇ ਪ੍ਰੌੜ੍ਹ ਸਾਹਿਤਕਾਰਾਂ ਦੀ ਸੰਗਤ ਨੇ ਬੇਹੱਦ ਉਤਸ਼ਾਹਿਤ ਕੀਤਾ ਅਤੇ ਸਾਹਿਤਕ ਵਿਦਵਾਨਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ। ਪੰਜਾਬੀ 'ਚ ਛਪਦੇ ਮੈਗਜ਼ੀਨ 'ਤਸਵੀਰ' 'ਚ ਜਦੋਂ 1964 ਉਸ ਦਾ ਲਿਖਿਆ ਗੀਤ 'ਤੁਰ ਗਈਏਂ ਗੋਰੀਏ..., ਸਾਨੂੰ ਬਿਰਹੋਂ ਦੀ ਅੱਗ ਚ ਜਲ਼ਾ ਕੇ।' ਛਪਿਆ ਤਾਂ ਰੈਹਲ ਦੀ ਲੇਖਣੀ 'ਚ ਜਿੱਥੇ ਨਿਖਾਰ ਆਉਣਾ ਸ਼ੁਰੂ ਹੋ ਗਿਆ ਉੱਥੇ ਸਾਹਿਤਕ ਪ੍ਰਵਿਰਤੀ ਹੋਰ ਵੀ ਰੂੜ੍ਹ ਹੋ ਗਈ। ਇੱਥੇ ਉਨ੍ਹਾਂ ਪ੍ਰੋ. ਬਲਜੀਤ ਸਿੰਘ ਨਾਟਕਕਾਰ ਦੇ ਪੰਜਾਬੀ ਕਲਾ ਮੰਦਰ 'ਚ ਸਾਹਿਤ ਦੀ ਟ੍ਰੇਨਿੰਗ ਦੌਰਾਨ 'ਮਾਂ' ਨਾਟਕ 'ਚ ਕਾਲਜੀਏਟ ਲੜਕੇ ਦਾ ਪ੍ਰਭਾਵਸ਼ਾਲੀ ਰੋਲ ਕਰ ਕੇ ਚੰਗਾ ਅਦਾਕਾਰ ਹੋਣ ਦਾ ਸਬੂਤ ਵੀ ਦਿੱਤਾ। ਇੱਥੋਂ ਉਨ੍ਹਾਂ ਦਾ ਰੁਝਾਨ ਕਹਾਣੀਆਂ ਵੱਲ ਇਸ ਕਰਕੇ ਮੋੜਾ ਖਾ ਗਿਆ ਕਿ ਕਵਿਤਾ ਵਿਚ ਬੰਦਸ਼ਾਂ ਹੋਣ ਕਾਰਣ ਲੇਖਕ ਆਪਣੀਆਂ ਮਾਨਸਿਕ ਭਾਵਨਾਵਾਂ ਨੂੰ ਪੂਰਨ ਤੌਰ 'ਤੇ ਵਿਅਕਤ ਨਹੀਂ ਸਕਦਾ।

1970ਵਿਆਂ 'ਚ ਚੰਡੀਗੜ੍ਹ ਬਦਲੀ ਹੋ ਜਾਣ ਤੇ ਉਨ੍ਹਾਂ ਪੇਂਡੂ ਲੋਕਾਂ ਦੀਆਂ ਡਰਾਊ ਭਾਵਨਾਵਾਂ ਅਤੇ ਕਾਲਪਨਿਕ ਸੋਚਾਂ ਦੀ ਉੱਪਜ 'ਤੇ ਆਧਾਰਿਤ ਪਹਿਲੀ ਕਹਾਣੀ 'ਛਲੇਡਾ' ਲਿਖੀ, ਜੋ ਉਸ ਦੇ ਸਾਹਿਤਕ ਜੀਵਨ 'ਚ ਮੀਲ ਪੱਥਰ ਸਾਬਿਤ ਹੋਈ। ਇਸ ਕਹਾਣੀ ਦੇ ਪਾਤਰ ਉਨ੍ਹਾਂ ਆਪਣੇ ਪਿੰਡ ਦੇ ਹੀ ਇਸ ਕਿਸਮ ਦੀ ਸੋਚ ਵਾਲੇ ਵਿਅਕਤੀਆਂ ਨੂੰ ਹੀ ਬਣਾਇਆ। ਇਹ ਕਹਾਣੀ ਨੂੰ ਉਨ੍ਹਾਂ ਸੁਫ਼ਨੇ 'ਚ ਰੂਪਮਾਨ ਕੀਤਾ ਸੀ।

### ਲਿਖਣ ਦਾ ਅੰਦਾਜ਼

*ਬਾਬੂ ਸਿੰਘ ਰੈਹਲ ਨੇ ਪੰਜਾਬੀ ਕਹਾਣੀ ਖੇਤਰ 'ਚ ਵਿਸ਼ੇਸ਼ ਥਾਂ ਬਣਾਈ ਹੋਈ ਹੈ। ਉਸ ਦੀਆਂ ਕਹਾਣੀਆਂ ਵਰਤਮਾਨ ਸਮਾਜ ਦੀ ਨਬਜ਼ ਪਛਾਣਦੀਆਂ ਹਨ। ਪਾਤਰਾਂ ਦੀ ਮਾਨਸਿਕਤਾ ਨੂੰ ਜਿਸ ਪੁਖ਼ਤਗੀ ਨਾਲ ਉਹ ਪੇਸ਼ ਕਰਦਾ ਹੈ ਅਜਿਹਾ ਕਰਨਾ ਹਰ ਇਕ ਲੇਖਕ ਦੇ ਵੱਸ ਦੀ ਗੱਲ ਨਹੀਂ। ਉਸ ਦੇ ਲਿਖਣ ਦਾ ਅੰਦਾਜ਼ ਵੱਖਰਾ ਹੀ ਹੈ।*



### ਪਹਿਲੀ ਕਹਾਣੀ

ਬਾਬੂ ਸਿੰਘ ਰੈਹਲ ਨੇ ਪੇਂਡੂ ਲੋਕਾਂ ਦੀਆਂ ਡਰਾਊ ਭਾਵਨਾਵਾਂ ਅਤੇ ਕਾਲਪਨਿਕ ਸੋਚਾਂ ਦੀ ਉੱਪਜ 'ਤੇ ਆਧਾਰਿਤ ਪਹਿਲੀ ਕਹਾਣੀ 'ਛਲੇਡਾ' ਲਿਖੀ, ਜੋ ਉਸ ਦੇ ਸਾਹਿਤਕ ਜੀਵਨ 'ਚ ਮੀਲ ਪੱਥਰ ਸਾਬਿਤ ਹੋਈ...

ਲੁਧਿਆਣਾ ਬਦਲੀ ਦੌਰਾਨ 'ਮੁੰਗਾ' ਮੈਗਜ਼ੀਨ ਦੇ ਵਿਸ਼ੇਸ਼ ਅੰਕ 'ਕੀ ਜਾਣਾ ਮੈਂ ਕੌਣ' 'ਚ ਉਚੇਰੇ ਕੱਦਾਵਰ ਲੇਖਕਾਂ ਨਾਲ ਆਪਣੇ ਹੀ ਬਾਰੇ ਲਿਖੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕਹਾਣੀ ਵੰਨਗੀ ਨੂੰ ਆਧਾਰ ਬਣਾ ਲਿਖਣਾ ਆਰੰਭ ਲਿਆ। ਬੱਸ ਉਨ੍ਹਾਂ ਫਿਰ ਪਿੱਛੇ ਮੁੜ ਨਹੀਂ ਦੇਖਿਆ। ਉਨ੍ਹਾਂ ਨੇ 1992 'ਚ 'ਸੱਜਰੀਆਂ ਪੈੜਾਂ' ਪਹਿਲਾ ਕਹਾਣੀ ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ ਪਾਇਆ। ਇਸ ਕਹਾਣੀ ਸੰਗ੍ਰਹਿ ਦੀਆਂ ਸਾਰੀਆਂ ਕਹਾਣੀਆਂ ਦਿੱਲੀ ਸਰਕਾਰ ਦੇ ਮੈਗਜ਼ੀਨ 'ਪਾਲਿਕਾ ਸਮਾਚਾਰ' 'ਚ ਛਪੀਆਂ ਸਨ ਜੋ ਇਕ ਸਾਹਿਤਕਾਰ ਲਈ ਸਨਮਾਨ ਤੋਂ ਘੱਟ ਨਹੀਂ।

2009 'ਚ ਉਸ ਦਾ 'ਠਰੀਆਂ ਰਾਤਾਂ' ਅਤੇ 2013 'ਚ 'ਹਨੇਰਾ ਪੀਸਦੇ ਲੋਕ' ਛਪੇ। ਉਸ ਦੀਆਂ ਕਹਾਣੀਆਂ ਵਿਚ ਸੱਭਿਆਚਾਰ ਦੇ ਉਹ ਸ਼ਬਦ ਹਨ ਜਿਹੜੇ ਸਾਡੇ ਰੀਤੀ ਰਿਵਾਜਾਂ ਜਾਂ ਬੋਲਚਾਲ 'ਚੋਂ ਮਨਫ਼ੀ ਹੋ ਗਏ। ਰੈਹਲ ਦਾ ਕਹਿਣਾ ਹੈ ਕਿ ਉਸ ਨੇ ਕਦੇ ਪਿਆਰ ਮੁਹੱਬਤ ਨੂੰ ਆਪਣੀਆਂ ਕਹਾਣੀਆਂ ਦਾ ਵਿਸ਼ਾ ਵਸਤੂ ਨਹੀਂ ਰੱਖਿਆ, ਸਗੋਂ ਸਮਾਜਿਕ, ਪਰਿਵਾਰਕ, ਸੱਭਿਆਚਾਰਕ ਸਰੋਕਾਰਾਂ, ਸਮੱਸਿਆਵਾਂ, ਚਲੰਤ ਮਾਮਲਿਆਂ ਨਾਲ ਜੁੜੇ ਵਿਸ਼ਿਆਂ ਨੂੰ ਆਧਾਰ ਬਣਾਇਆ ਹੈ। ਉਸ ਦੀਆਂ ਕਹਾਣੀਆਂ ਕਿਰਤੀਆਂ, ਕਿਸਾਨਾਂ ਦੀ ਅਸਲੀਅਤ ਜ਼ਿੰਦਗੀ ਦਾ ਚਿਤਰਣ ਕਰਦੀਆਂ ਹਨ।

ਡਾ. ਦਰਸ਼ਨ ਸਿੰਘ ਆਸ਼ਟ ਉਸ ਬਾਰੇ ਕਹਿੰਦਾ ਹੈ, 'ਬਾਬੂ ਸਿੰਘ ਰੈਹਲ ਜਿੱਥੇ ਪੰਜਾਬੀ ਸਾਹਿਤ ਸਭਾ ਪਟਿਆਲਾ ਦੇ ਜਨਰਲ ਸਕੱਤਰ ਦੀ ਹੈਸੀਅਤ 'ਚ ਪਿਛਲੇ ਲੰਮੇ ਅਰਸੇ ਤੋਂ ਬਾਖੂਬੀ ਜ਼ਿੰਮੇਵਾਰੀ ਨਿਭਾ ਰਹੇ ਹਨ, ਉੱਥੇ ਹੀ ਪੰਜਾਬੀ ਕਹਾਣੀ ਖੇਤਰ 'ਚ ਆਪਣੀ ਕਹਾਣੀ ਕਲਾ ਨਾਲ ਵਿਸ਼ੇਸ਼ ਥਾਂ ਬਣਾਈ ਹੋਈ ਹੈ। ਉਸ ਦੀਆਂ ਕਹਾਣੀਆਂ ਵਰਤਮਾਨ ਸਮਾਜ ਦੀ ਨਬਜ਼ ਪਛਾਣਦੀਆਂ ਹਨ। ਪਾਤਰਾਂ ਦੀ ਮਾਨਸਿਕਤਾ ਨੂੰ ਜਿਸ ਪੁਖ਼ਤਗੀ ਨਾਲ ਰੈਹਲ ਪੇਸ਼ ਕਰਦਾ ਹੈ ਉਹ ਹਰ ਇਕ ਦੇ ਵੱਸ ਦੀ ਗੱਲ ਨਹੀਂ। ਬਹੁਤ ਸਾਰੀਆਂ ਕਹਾਣੀਆਂ ਉਸ ਦੇ ਅਨੁਭਵ ਵਿੱਚੋਂ ਨਿਕਲੀਆਂ ਹੋਈਆਂ ਹਨ। ਉਹ ਪੰਜਾਬੀ ਕਹਾਣੀ ਦਾ ਸੁਨਹਿਰਾ ਪੰਨਾ ਹੈ।' •

## ਸਤਨਾਮ ਕੌਰ ਚੌਹਾਨ ਦੀਆਂ ਚਾਰ ਕਵਿਤਾਵਾਂ



98886-15531

*ਸਤਨਾਮ ਕੌਰ ਚੌਹਾਨ ਦਾ ਨਾਂ ਨਾਰੀ ਕਵਿਤਰੀਆਂ ਵਿੱਚੋਂ ਪਹਿਲੀ ਕਤਾਰ ਵਿਚ ਆਉਂਦਾ ਹੈ। ਉਸ ਦੀ ਕਵਿਤਾ ਦੇ ਵਿਸ਼ੇ ਨਾਰੀ ਰੁਦਨ ਵਾਲੇ ਨਹੀਂ ਸਗੋਂ ਲੋਕ-ਪੱਖੀ ਤੇ ਉਸਾਰੂ ਸੋਚ ਵਾਲੇ ਹਨ। ਉਹ ਆਪਣੀ ਕਵਿਤਾ ਵਿਚ ਨਿੱਜ ਨੂੰ ਨਹੀਂ ਬਿਆਨ ਕਰਦੀ ਸਗੋਂ ਪਰ ਦੇ ਦੁਖਾਂਤ ਦੀ ਬਾਤ ਪਾਉਂਦੀ ਹੈ। ਉਹ ਅਲ੍ਹੱੜ ਉਮਰ ਦੀਆਂ ਕੁੜੀਆਂ ਨੂੰ ਅਗਾਹ ਕਰਦੀ ਹੈ ਕਿ ਰੂਪ ਦੇ ਸ਼ਿਕਾਰੀ ਲੋਕਾਂ ਦੇ ਮੱਕੜ-ਜਾਲ਼ ਵਿਚ ਨਾ ਫਸਣ। ਉਸ ਦੀ ਕਵਿਤਾ ਵਿਚ ਜਿੱਥੇ ਗੁਰੂ ਨਾਨਕ ਦੀ ਬਾਣੀ ਪ੍ਰਤੀ ਅਥਾਹ ਸ਼ਰਧਾ ਹੈ ਉੱਥੇ ਬੁੱਧ ਦੇ ਨਿਰਵਾਨ ਵੱਲ ਜਾਣ ਦਾ ਵੀ ਜ਼ਿਕਰ ਹੈ। ਸਤਨਾਮ ਆਪਣੀ ਕਵਿਤਾ ਵਿਚ ਪੰਜਾਬੀ ਸੱਭਿਆਚਾਰ ਦੇ ਬਿੰਬਾਂ, ਜਿਵੇਂ ਜੋਗੀ, ਖ਼ੈਰ ਪਾਉਣਾ, ਕਿਸੇ ਫ਼ਕੀਰ ਨੂੰ ਦਰ ਤੋਂ ਖ਼ਾਲੀ ਨਾ ਮੋੜਨਾ ਆਦਿ ਨੂੰ ਆਪਣੀ ਕਵਿਤਾ ਵਿਚ ਵਰਤਦੀ ਹੈ...*

----(1)----

### ਦਹਿਲੀਜ਼

ਘਰ ਛੱਡਣਾ ਬੜਾ ਔਖਾ ਹੁੰਦਾ
ਹਰ ਚੀਜ਼, ਹਰ ਤਿਣਕਾ
ਵੇਖ ਰਿਹਾ ਹੁੰਦਾ ਬੜੇ ਹਰਖ ਨਾਲ
ਜਿਵੇਂ ਕਹਿ ਰਹੇ ਹੋਣ
ਕਿਉਂ ਹੋ ਰਹੀ ਏ ਅੜੀਏ ਬੇਗਾਨੀ
ਘਰ ਜੋ ਪੰਛੀਆਂ ਵਾਂਗ
ਬਣਾਇਆ
ਤੀਲਾ-ਤੀਲਾ ਜੋੜ
ਬੜੇ ਸ਼ਗਨਾਂ ਨਾਲ ਕੀਤਾ
ਮਹੂਰਤ ਇਸ ਦਾ
ਘਰ ਦੀ ਵੱਡੀ ਧੀ
ਭਰ ਲਿਆਈ ਘੜਾ ਪਾਣੀ ਦਾ
ਪਾਣੀ ਜੋ ਜ਼ਿੰਦਗੀ, ਖ਼ੁਸ਼ਹਾਲੀ
ਦਾ ਪ੍ਰਤੀਕ
ਬਰਕਤਾਂ ਤੇ ਸ਼ੋਹਰਤਾਂ ਦਾ
ਪਰ ਹੁਣ ਪਤਾ ਨਹੀਂ ਕਿਉਂ ?
ਦਿਲ ਕਰਦਾ ਛੱਡ ਜਾਵਾਂ ਇਸ ਨੂੰ
ਚਲੀ ਜਾਵਾਂ ਦੂਰ ਦੁਰਾਡੇ
ਜਿੱਥੇ ਕੁਦਰਤ ਏਕਾਂਤ ਤੇ ਚੁੱਪ ਹੋਵੇ
ਪਰ ਕੀ ਕਰਾਂ ?
ਜਦੋਂ ਤੁਰਨ ਲੱਗਦੀ ਹਾਂ
ਤਾਂ ਇਹ ਮੈਨੂੰ
ਆਵਾਜ਼ਾਂ ਮਾਰਨ ਲੱਗ ਪੈਂਦਾ ਹੈ
ਰੋਕ ਖੜ੍ਹਦਾ ਰਾਹ ਮੇਰਾ
ਫੇਰ ਮੈਂ ਹੈਰਾਨ ਹੁੰਦੀ ਹਾਂ
ਹੇ ਨਾਨਕ, ਹੇ ਬੁੱਧ
ਤੁਸੀਂ ਕਿਵੇਂ ਕੀਤੇ ਜ਼ੇਰੇ
ਘਰ ਨੂੰ ਛੱਡਣ ਦੇ
ਤੁਹਾਨੂੰ ਵੀ ਤਾਂ ਘਰ ਨੇ
ਰੋਕਿਆ ਹੋਣਾ ਇਵੇਂ ਹੀ
ਰੋਕਦਾ ਹੋਵੇਗਾ
ਆਵਾਜ਼ਾਂ ਮਾਰਦਾ ਹੋਵੇਗਾ
ਤੁਸੀਂ ਪਾਰ ਕਰ ਗਏ ਸਰਦਲ
ਪਰ ਮੇਰੇ ਤੋਂ ਕਿਉਂ ਨਹੀਂ
ਟੱਪੀ ਜਾ ਰਹੀ ਦਹਿਲੀਜ਼?
ਘਰ ਛੱਡਣਾ ਬੜਾ ਔਖਾ ਹੁੰਦਾ
ਬੜਾ ਹੀ ਔਖਾ ਹੁੰਦਾ।

----(2)----

### ਕਿੱਥੇ ਗਈ ਸਾਦਗੀ?

ਕਿੱਥੇ ਗਈ ਸਾਦਗੀ
ਤੇ ਕਿੱਥੇ ਗਿਆ ਪਿਆਰ
ਹਰ ਕੋਈ ਹੁਣ ਚਾਹਵਦਾ
ਦੌਲਤ ਬੇਸ਼ੁਮਾਰ
ਟੁੱਟ ਰਹੇ ਨੇ ਘਰ ਹੁਣ
ਨਾ ਰਿਹਾ ਇਤਫ਼ਾਕ
ਵੰਡ ਲਈ ਜਇਦਾਦ
ਨਾਲੇ ਵੰਡ ਲਏ ਮਾਂ-ਬਾਪ।
ਪਿੰਡ ਸ਼ਹਿਰ ਨੂੰ ਤੁਰ ਪਾਏ
ਸੱਥਾਂ ਨੂੰ ਵਿਸਾਰ
ਧਰਤੀ ਜ਼ਹਿਰੀ ਹੋ ਗਈ
ਰਹਿ ਸਪੇਰਿਆਂ ਨਾਲ
ਪੌਣਾ ਹੋਈਆਂ ਜ਼ਹਿਰੀਲੀਆਂ
ਪਾਣੀ ਵੀ ਗਿਆ ਗੰਧਲਾ
ਸ਼ਰੇ ਬਜ਼ਾਰ ਅਜ਼ਮਤ ਲੁੱਟ ਲਈ
ਭਟਕ ਗਿਆ ਮਨੁੱਖ
ਬੱਚੇ ਵਿਦੇਸ਼ੀ ਤੁਰ ਪਏ
ਮਾਵਾਂ ਨੂੰ ਲਾ ਗਏ ਦੁੱਖ
ਬੰਦੇ ਵਿੱਚੋਂ ਇਨਸਾਨੀਅਤ
ਉੱਡ ਗਈ ਖੰਭ ਲਾ
ਖੇਤੀ ਖ਼ਸਮਾਂ ਸੇਤੀ ਨਾ ਰਹੀ
ਰਿਹਾ ਪਰਵਾਸੀ ਮਜ਼ਦੂਰ ਸੰਭਾਲ
ਹੱਥੀਂ ਕਿਰਤ ਹੁਣ ਭੁਲਿਆ
ਦਿੱਤਾ ਨਾਨਕ ਨੂੰ ਵਿਸਾਰ
ਰੁੱਖਾਂ ਨੂੰ ਵੱਢ ਕੇ
ਰਿਹਾ ਕੰਕਰੀਟ ਵਿਛਾ
ਭੁੱਖ ਗ਼ਰੀਬੀ ਵਧ ਗਈ
ਕੁਝ ਨਹੀਂ ਹੋ ਰਿਹਾ
ਕੂੜੇ ਦਿਆਂ ਢੇਰਾਂ 'ਚੋਂ
ਬਾਲ ਰੋਟੀ ਲੱਭ ਰਿਹਾ
ਗਲੋਬਲ ਦੇ ਨਾਂ 'ਤੇ ਮੰਡੀ ਵੰਡ ਰਿਹਾ
ਨਸ਼ਿਆਂ ਜਵਾਨੀ ਖਾ ਲਈ
ਰਹਿਬਰ ਤੱਕ ਰਿਹਾ
ਧਰਮ ਪੰਖੇਰੂ ਉੱਡ ਗਿਆ
ਕੂੜ ਰਿਹਾ ਮੰਡਰਾ
ਵਾੜਾਂ ਖੇਤ ਨੂੰ ਖਾਂਦੀਆਂ
ਰਲੀ ਕੁੱਤੀ ਚੋਰ ਨਾਲ ਜਾਅ
ਕਲਮਾਂ ਨੂੰ ਗੋਲੀ ਵਿੰਨ੍ਹਦੀ
ਸੱਚ ਕਿਉਂ ਲਿਖਿਆ
ਹੋ ਹੈਰਾਨ ਮੈਂ ਤੱਕਦੀ
ਇਨਸਾਨ ਕਿੱਧਰ ਗਿਆ ?

----(3)----

### ਨੀ ਭਾਬੋ

ਕਦੇ ਨਾ ਮੋੜੀਏ ਦਰਾਂ 'ਤੋਂ
ਖ਼ਾਲੀ ਜੋਗੀ, ਨੀ ਭਾਬੋ
ਪਾ ਦੇ ਦਿਲ ਤੋਂ ਖ਼ੈਰ
ਨੀ ਭਾਬੋ।
ਰਮਤਿਆਂ ਜੋਗੀਆਂ
ਫੇਰ ਨਾ ਆਉਣਾ
ਵਹਿ ਗਿਆ ਪਾਣੀ
ਮੁੜ ਨਹੀਂ ਆਉਣਾ
ਨੀ ਭਾਬੋ।
ਪਤਾ ਨਹੀਂ ਇਨ੍ਹਾਂ ਕਿੱਥੇ ਜਾਣਾ
ਕਿਹੜੇ ਪੱਤਣੀ ਡੇਰਾ ਲਾਣਾ
ਕਿੱਥੇ ਧੂਣਾ ਜਾ ਮਘਾਣਾ
ਨੀ ਭਾਬੋ।
ਪੰਛੀ ਜੋਗੀ ਇਕੋ ਜਹੇ
ਉਡਦੇ, ਤੁਰਦੇ, ਜਾਣਾ ਕਿੱਥੇ
ਇਹ ਵੀ ਹੁੰਦੇ ਨੇ ਅਣਜਾਣ
ਨੀ ਭਾਬੋ।
ਕਦੇ ਨਾ ਮੋੜੀਏ ਦਰਾਂ 'ਤੋਂ
ਖ਼ਾਲੀ ਜੋਗੀ, ਨੀ ਭਾਬੋ।



----(4)----

### ਨਦੀ ਵਗਦੀ ਰਹੀ

ਭੁੱਲਣ ਲਈ ਉਸ ਨੂੰ
ਅਹਿਦ ਸੀ ਕਰ ਲਿਆ
ਯਾਦਾਂ ਨੇ ਆ ਫਿਰ
ਵਿਹੜਾ ਸੀ ਮੱਲ ਲਿਆ
ਪੈਰਾਂ 'ਚ ਕੰਡੇ ਪੁੜੇ ਸਨ
ਪੀੜਾਂ ਸਨ ਅੱਥਰੀਆਂ
ਸਨ ਬਥੇਰੀਆਂ ਬੇੜੀਆਂ
ਤੁਰਨਾ ਵੀ ਕਿੰਜ ਸੀ
ਅਸੀਂ ਹੀ ਪਿੱਛੇ ਰਹਿ ਗਏ
ਮੰਜ਼ਿਲ ਤਾਂ ਕਰੀਬ ਸੀ
ਤੁਰਦੇ ਤਾਂ ਪੈਂਡਾ ਬਿਖੜਾ
ਰੁਕਣਾ ਵੀ ਨਹੀਂ ਸੀ
ਲੈ ਟੱਕਰ ਪਹਾੜ ਨਾਲ
ਨਦੀ ਫੇਰ ਵੀ ਕਲ-ਕਲ
ਵਗਦੀ।
ਨਦੀ ਫੇਰ ਵੀ ਕਲ-ਕਲ
ਵਗਦੀ।

• ਪ੍ਰਦੀਪ ਕੌੜਾ
95011-15200

ਪੰਜਾਬੀ ਨੂੰ ਰਾਜ-ਭਾਸ਼ਾ ਦਾ ਦਰਜਾ ਮਿਲਣ ਦੇ ਬਾਵਜੂਦ ਇਸ ਨੂੰ ਗੰਭੀਰਤਾ ਨਾਲ ਲਾਗੂ ਨਹੀਂ ਕੀਤਾ ਗਿਆ। ਅਜੇ ਵੀ ਬਹੁਤੇ ਸਰਕਾਰੀ ਹੁਕਮ ਅੰਗਰੇਜ਼ੀ 'ਚ ਹੀ ਨਿਕਲਦੇ ਹਨ...

# ਮਾਤ-ਭਾਸ਼ਾ ਪ੍ਰਤੀ ਕਦੋਂ ਬਣੇਗੀ ਹਾਂ-ਪੱਖੀ ਸੋਚ



ਕਾਫ਼ੀ ਅਰਸਾ ਪਹਿਲਾਂ ਸੰਤੋਖ ਸਿੰਘ ਧੀਰ ਦੀ 'ਕੋਈ ਇਕ ਸਵਾਰ' ਕਹਾਣੀ ਛਪੀ ਸੀ। ਕਹਾਣੀ ਵਿਚ ਬਾਰੂ ਦੇ ਟਾਂਗੇ ਵਿਚ ਖੰਨੇ ਜਾਣ ਵਾਲੀਆਂ ਕੁਝ ਸਵਾਰੀਆਂ ਬੈਠੀਆਂ ਹਨ ਪਰ ਫਿਰ ਬਾਰੂ ਹੋਰ ਸਵਾਰੀਆਂ ਦੀ ਆਸ ਵਿਚ ਵਾਰ-ਵਾਰ, ਇਕ ਹੋਰ ਸਵਾਰੀ ਆਪਣੇ ਟਾਂਗੇ ਵਿਚ ਬਿਠਾਉਣ ਲਈ ਹੋਕਾ ਦੇ ਰਿਹਾ ਹੈ। ਟਾਂਗਾ ਭਰ ਕੇ ਚੱਲਣ ਹੀ ਵਾਲਾ ਸੀ ਕਿ ਕੋਲ ਪਿੰਡਾਂ ਨੂੰ ਜਾਣ ਵਾਲੀ ਮਿੰਨੀ ਬੱਸ ਆ ਖੜ੍ਹਦੀ ਹੈ ਅਤੇ ਸਾਰੀਆਂ ਸਵਾਰੀਆਂ ਬਾਰੂ ਦੇ ਤਾਂਗੇ ਵਿੱਚੋਂ ਉੱਤਰ ਕੇ ਮਿੰਨੀ ਬੱਸ ਵਿਚ ਜਾ ਚੜ੍ਹਦੀਆਂ ਹਨ। ਪ੍ਰਤੀਕਾਤਮਕ ਪੱਧਰ ਉੱਪਰ ਕਹਾਣੀਕਾਰ ਦਾ ਸੁਨੇਹਾ ਸਪੱਸ਼ਟ ਹੈ ਕਿ ਜਿਵੇਂ ਮਿੰਨੀ ਬੱਸ (ਤਕਨੀਕ ਅਤੇ ਪੂੰਜੀਵਾਦ) ਨੇ ਬਾਰੂ ਵਰਗੇ ਟਾਂਗੇ ਵਾਲਿਆਂ ਦੀ ਰੋਟੀ ਖੋਹ ਲਈ ਉਸੇ ਤਰ੍ਹਾਂ ਭਾਰਤ ਵਿਚ ਆਉਣ ਵਾਲਾ ਉਦਯੋਗ (ਪੂੰਜੀਵਾਦ) ਭਾਰਤ ਦੇ ਘਰੇਲੂ ਉਦਯੋਗ ਨੂੰ ਖ਼ਤਮ ਕਰ ਦੇਵੇਗਾ। ਹੋਇਆ ਵੀ ਇਸੇ ਤਰ੍ਹਾਂ, ਪੂੰਜੀਵਾਦ ਨੇ ਨਾ ਸਿਰਫ਼ ਭਾਰਤੀ ਘਰੇਲੂ ਉਦਯੋਗ ਨੂੰ ਤਹਿਸ-ਨਹਿਸ ਕੀਤਾ ਸਗੋਂ ਸਾਮਰਾਜੀ ਸ਼ਕਤੀਆਂ ਨੇ ਆਪਣਾ ਗਲ਼ਬਾ ਵਧਾਉਂਦੇ ਹੋਏ, ਖੇਤਰੀ ਸੱਭਿਆਚਾਰਾਂ ਅਤੇ ਭਾਸ਼ਾਵਾਂ ਨੂੰ ਵੀ ਖੋਰਾ ਲਾਉਣਾ ਸ਼ੁਰੂ ਕਰ ਦਿੱਤਾ। ਹੋਰ ਖੇਤਰੀ ਭਾਸ਼ਾਵਾਂ ਵਾਂਗ ਪੰਜਾਬੀ ਭਾਸ਼ਾ ਵੀ ਅੰਤਰ-ਰਾਸ਼ਟਰੀ ਭਾਸ਼ਾ ਅੰਗਰੇਜ਼ੀ ਦੀ ਇਸ ਕਰੋਪੀ ਤੋਂ ਅਛੂਤੀ ਨਹੀਂ ਰਹੀ ਅਤੇ ਨਿਰੰਤਰ ਖੁਰਦੀ ਜਾ ਰਹੀ ਹੈ। ਇਹ ਜਾਣਨ ਲਈ ਸਾਨੂੰ ਯੂਐੱਨਓ ਜਾਂ ਯੂਨੈਸਕੋ ਤੋਂ ਤਸਦੀਕ ਕਰਵਾਉਣ ਦੀ ਜ਼ਰੂਰਤ ਨਹੀਂ। ਪੰਜਾਬੀ ਭਾਸ਼ਾਂ ਵਿੱਚੋਂ ਕਈ ਧੁਨੀਆਂ ਉਚਾਰਨ ਦੇ ਪੱਧਰ 'ਤੇ ਲੋਪ ਹੁੰਦੀਆਂ ਜਾ ਰਹੀਆਂ ਹਨ।

ਪੰਜਾਬੀ ਦੀ ਸਮਕਾਲੀ ਸਥਿਤੀ 'ਤੇ ਵੱਖ-ਵੱਖ ਅਖ਼ਬਾਰਾਂ ਵਿਚ ਬਹੁਤ ਸਾਰੇ ਆਲੋਚਕਾਂ, ਬੁੱਧੀਜੀਵੀਆਂ ਅਤੇ ਚਿੰਤਕਾਂ ਦੇ ਵਿਚਾਰ ਪੜ੍ਹਨ ਨੂੰ ਮਿਲੇ। ਜਿੱਥੇ ਸਾਰੇ ਚਿੰਤਕਾਂ ਨੇ ਪੰਜਾਬੀ ਦੀਆਂ ਵਰਤਮਾਨ ਪਰਿਸਥਿਤੀਆਂ ਵਿਚ ਪੰਜਾਬੀ ਦੇ ਸੁੰਘੜ ਰਹੇ ਘੇਰੇ 'ਤੇ ਚਿੰਤਾਂ ਪ੍ਰਗਟਾਈ ਹੈ ਉੱਥੇ ਇਸ ਦੀ ਸਥਿਤੀ ਸੁਧਾਰਨ ਲਈ ਜਨਤਾ ਵੱਲੋਂ ਕੀਤੇ ਜਾਣ ਵਾਲੇ ਉਪਰਾਲਿਆਂ ਰਾਹੀਂ ਬਹੁਤਾ ਹੱਲ ਨਿਕਲਣ ਦੀ ਬਜਾਏ ਸਰਕਾਰਾਂ ਦੀ ਪੰਜਾਬੀ ਭਾਸ਼ਾ ਪ੍ਰਤੀ ਬੇਰੁਖ਼ੀ ਨੂੰ ਵੱਡਾ ਕਾਰਨ ਮੰਨਿਆ।

ਜਦੋਂ ਸਾਰੇ ਵਿਚਾਰਾਂ ਦਾ ਸਮੁੱਚੇ ਰੂਪ ਵਿਚ ਮੁਲਾਂਕਣ ਕੀਤਾ ਤਾਂ ਤਿੰਨ-ਚਾਰ ਸਾਂਝੇ ਨੁਕਤੇ ਉਭਰਕੇ ਸਾਹਮਣੇ ਆਏ। ਪਹਿਲਾ ਇਹ ਕਿ ਅੰਗਰੇਜ਼ੀ ਸਕੂਲ ਧੜਾ-ਧੜ ਖੁੱਲ੍ਹ ਰਹੇ ਹਨ। ਇਨ੍ਹਾਂ ਅੰਗਰੇਜ਼ੀ ਸਕੂਲਾਂ ਵਿਚ ਪੰਜਾਬੀ ਨੂੰ ਦਰਕਿਨਾਰ ਕੀਤਾ ਜਾ ਰਿਹਾ ਹੈ। ਇਨ੍ਹਾਂ ਸਕੂਲਾਂ ਵਿਚ ਪੜ੍ਹ ਰਹੀ ਨਵੀਂ ਪੀੜ੍ਹੀ ਮਾਤ-ਭਾਸ਼ਾ ਪੰਜਾਬੀ ਤੋਂ ਦੂਰ ਜਾ ਰਹੀ ਹੈ। ਵਾਕਿਆ ਹੀ ਕਾਰਨ ਬਹੁਤ ਹੀ ਪੁਖਤਾ ਅਤੇ ਅਹਿਮ ਹੈ। ਮੈਂ ਸੋਚਦਾ ਹਾਂ ਕਿ ਜਦੋਂ ਸਾਰੇ ਸੰਸਾਰ ਵਿਚ ਅੰਗਰੇਜ਼ੀ ਦੀ ਚੜ੍ਹ ਮੱਚੀ ਹੋਈ ਹੈ। ਸਰਕਾਰੇ ਦਰਬਾਰੇ ਅੰਗਰੇਜ਼ੀ ਦਾ ਬੋਲ-ਬਾਲਾ ਹੈ। ਕੋਰਟ-ਕਚਹਿਰੀ ਵਿਚ ਅੰਗਰੇਜ਼ੀ ਹੀ ਪੁਗਦੀ ਹੈ। ਅੰਗਰੇਜ਼ੀ ਵਿਚ ਚਟਰ-ਪਟਰ ਬੋਲਣ ਵਾਲਿਆਂ ਨੂੰ ਬਹੁ-ਰਾਸ਼ਟਰੀ ਕੰਪਨੀਆਂ ਮੋਟੇ ਪੈਕਜਾਂ 'ਤੇ ਰੱਖਦੀਆਂ ਹਨ। ਸਮਾਜ ਵਿਚ ਪੈਸੇ ਵਾਲੇ ਦਾ ਬੋਲ-ਬਾਲਾ ਹੈ ਤਾਂ ਫਿਰ ਲੋਕ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਸਕੂਲਾਂ ਵਿਚ ਹੀ ਪੜ੍ਹਾਉਣਗੇ। ਚਿੰਤਕਾਂ ਦਾ ਕਹਿਣਾ ਠੀਕ ਹੈ। ਜੇਕਰ ਪੰਜਾਬ ਵਿਚ ਪੰਜਾਬੀ ਦਾ ਮਾਣ-ਸਤਿਕਾਰ ਹੋਵੇ। ਸਰਕਾਰੇ-ਦਰਬਾਰੇ ਅੰਗਰੇਜ਼ੀ ਦੀ ਬਜਾਏ ਪੰਜਾਬੀ ਨੂੰ ਤਰਜ਼ੀਹ ਦਿੱਤੀ ਜਾਵੇ। ਕੋਰਟ-ਕਚਹਿਰੀ ਸਾਡੀ ਗੱਲ ਸਾਡੀ ਭਾਸ਼ਾ ਵਿਚ ਸੁਣੇ। ਲੋਕਾਂ ਨੂੰ ਵਧੀਆ ਪੰਜਾਬੀ ਬੋਲਣ ਦੇ ਆਧਾਰ 'ਤੇ ਬਹੁ-ਰਾਸ਼ਟਰੀ ਕੰਪਨੀਆਂ ਵਿਚ ਚੰਗੀਆਂ ਨੌਕਰੀਆਂ ਮਿਲਣ ਤਾਂ ਲੋਕ ਆਪਣੇ ਜੁਆਕ ਭੱਜ-ਭੱਜ ਕੇ ਪੰਜਾਬੀ ਸਕੂਲਾਂ ਵਿਚ ਪੜ੍ਹਾਉਣਗੇ।

ਚਿੰਤਕਾਂ ਵੱਲੋਂ ਉਠਾਇਆ ਗਿਆ ਦੂਜਾ ਨੁਕਤਾ, ਵਿਦੇਸ਼ੀ ਤਰਜ 'ਤੇ ਬਦਲਦਾ ਹੋਇਆ ਪੜ੍ਹਾਈ ਦਾ ਸਿਸਟਮ ਵੀ ਮਾਤ-ਭਾਸ਼ਾ ਨੂੰ ਹਾਸ਼ੀਏ 'ਤੇ ਲਿਜਾਣ ਲਈ ਜ਼ਿੰਮੇਵਾਰ ਹੈ। ਡੇਢ ਦਹਾਕਾ ਪਹਿਲਾਂ ਸਕੂਲਾਂ ਵਿਚ ਪਹਿਲੀ ਅਤੇ ਦੂਜੀ ਜਮਾਤ ਵਿਚ ਪੰਜਾਬੀ ਪੜ੍ਹਾਈ ਜਾਂਦੀ ਸੀ। ਹਿੰਦੀ ਤੀਜੀ ਵਿਚ ਲੱਗਦੀ ਸੀ ਅਤੇ ਅੰਗਰੇਜ਼ੀ ਛੇਵੀਂ ਵਿਚ ਪੜ੍ਹਾਉਣੀ ਸ਼ੁਰੂ ਕੀਤੀ ਜਾਂਦੀ ਸੀ। ਬੱਚਾ ਪਹਿਲਾਂ ਇਕ ਭਾਸ਼ਾ ਵਿਚ ਪਰਪੱਕ ਹੋ ਕੇ ਫਿਰ ਦੂਸਰੀ ਅਤੇ ਤੀਸਰੀ ਭਾਸ਼ਾ ਸਿੱਖਦਾ ਸੀ ਤਾਂ ਹੀ ਅੱਜ ਦਾ ਐਮਏ ਅੰਗਰੇਜ਼ੀ ਪਾਸ ਵੀ ਤੀਹ ਵਰ੍ਹੇ ਪਹਿਲਾਂ ਦੇ ਦਸਵੀਂ ਪਾਸ ਦਾ ਮੁਕਾਬਲਾ ਨਹੀਂ ਕਰ ਸਕਦਾ। ਇੱਥੇ ਹੀ ਬਸ ਨਹੀਂ ਉਚੇਰੀ ਸਿੱਖਿਆ ਲਈ ਅੱਜ ਵੀ ਅਸੀਂ ਅੰਗਰੇਜ਼ੀ ਵਿਚ ਵੱਖ-ਵੱਖ ਮਜ਼ਮੂਨ ਪੜ੍ਹਦੇ/ਪੜ੍ਹਾਉਂਦੇ ਹਾਂ। ਪੰਜਾਬੀ ਵਿਚ ਇਨ੍ਹਾਂ ਵਿਸ਼ਿਆਂ ਦੀਆਂ ਕਿਤਾਬਾਂ ਨਾ-ਮਾਤਰ ਹੀ ਉਪਲਬਧ ਹਨ। ਸੂਬਾ ਪੱਧਰ 'ਤੇ ਸਿੱਖਿਆ ਸਿਸਟਮ ਨੂੰ ਲਾਗੂ ਕਰਨਾ ਰਾਜ ਸਰਕਾਰ ਦਾ ਅਧਿਕਾਰ-ਖੇਤਰ ਹੈ। ਚਿੰਤਕਾਂ ਦਾ ਸਰਕਾਰੀ ਬੇਰੁਖੀ ਬਿਆਨਦਾ ਤੀਜਾ ਨੁਕਤਾ ਇਹ ਸੀ ਕਿ ਪੰਜਾਬੀ ਭਾਸ਼ਾ ਨੂੰ ਰਾਜ-ਭਾਸ਼ਾ ਦਾ ਦਰਜਾ ਮਿਲਣ ਦੇ ਬਾਵਜੂਦ ਵੀ ਸਰਕਾਰੀ ਦਫ਼ਤਰਾਂ ਵਿਚ ਗੰਭੀਰਤਾ ਨਾਲ ਲਾਗੂ ਕਰਨ ਪ੍ਰਤੀ ਸੰਜੀਦਾ ਨਹੀਂ ਜਾਪਦੀ। ਸਰਕਾਰੀ ਹੁਕਮ ਜ਼ਿਆਦਾਤਰ ਅੰਗਰੇਜ਼ੀ ਵਿਚ ਹੀ ਨਿਕਲਦੇ ਹਨ।

ਚਿੰਤਕਾਂ ਦੁਆਰਾ ਮਾਤ-ਭਾਸ਼ਾ ਦੀ ਸਥਿਤੀ ਸੁਧਾਰਨ ਲਈ ਰਾਜ-ਸਰਕਾਰ ਆਧਾਰਿਤ ਚੌਥਾ ਨੁਕਤਾ ਇਹ ਸੀ ਸਿਰਫ਼ ਇਕ ਦਿਨ ਮਾਤ-ਭਾਸ਼ਾ ਦਿਵਸ ਮਨਾ ਲੈਣੇ ਅਤੇ ਸਰਕਾਰੀ/ਗ਼ੈਰਸਰਕਾਰੀ ਸਮਾਗਮ ਕਰਵਾ ਦੇਣ ਨਾਲ ਪੰਜਾਬੀ ਭਾਸ਼ਾ ਦੀ ਸਥਿਤੀ ਨਹੀਂ ਸੁਧਰਨ ਲੱਗੀ। ਚਿੰਤਕਾਂ ਦਾ ਰੋਸਾ ਜਾਇਜ਼ ਹੈ ਕਿ ਸਰਕਾਰਾਂ ਅਤੇ ਰਾਜਨੀਤਕ ਪਾਰਟੀਆਂ ਸਿਰਫ਼ ਉਨ੍ਹਾਂ ਕੰਮਾਂ ਵੱਲ ਹੀ ਤਵੱਜੋਂ ਦਿੰਦੀਆਂ ਹਨ, ਜਿਸ ਨਾਲ ਵੋਟਾਂ ਜੁੜੀਆਂ ਹੋਣ। ਹਾਲ ਦੀ ਘੜੀ ਇਸ ਪੱਧਰ 'ਤੇ ਕੋਈ ਵੀ ਪਾਰਟੀ ਮਾਤ-ਭਾਸ਼ਾ ਪੰਜਾਬੀ ਦੀ ਅਣਦੇਖੀ ਕਰਨ ਕਰਕੇ ਵੋਟ-ਬੈਂਕ ਟੁੱਟਣ ਦਾ ਕੋਈ ਖ਼ਦਸ਼ਾ ਨਹੀਂ ਹੈ। ਚਿੰਤਕਾਂ ਦੀ ਮਾਤ-ਭਾਸ਼ਾ ਨੂੰ ਲੈ ਕੇ ਕੀਤੀ ਜਾਂਦੀ ਚਿੰਤਾ ਵੀ ਵਾਜ਼ਿਬ ਹੈ ਅਤੇ ਸਰਕਾਰਾਂ ਪ੍ਰਤੀ ਉਠਾਏ ਮੁੱਦੇ ਵੀ ਵਾਜਿਬ ਹਨ। ਸੋ ਇਸ ਮਾਤ-ਭਾਸ਼ਾ ਦੇ ਸੰਦਰਭ ਵਿਚ ਸਥਾਨਕ ਸਰਕਾਰ ਦੇ ਸਕਾਰਾਤਮਕ ਹੁੰਗਾਰੇ ਅਤੇ ਹਾਂ-ਪੱਖੀ ਰਵੱਈਏ ਸਦਕਾ ਹੀ ਮਾਤ-ਭਾਸ਼ਾ ਦੀ ਲੋਕ-ਪ੍ਰਿਆਤਾ ਨੂੰ ਹੁਲਾਰਾ ਮਿਲ ਸਕਦਾ ਹੈ। •

### ਮਿੰਨੀ ਕਹਾਣੀ

## ਕੰਪਾਰਟਮੈਂਟ



ਉਹ ਮੇਰੇ ਸਕੂਲ ਵਿਚ ਪੜ੍ਹਦਾ ਸੀ। ਘਰੋਂ ਗਰੀਬ ਸੀ। ਉਸ ਦੀ ਕੰਪਾਰਟਮੈਂਟ ਆ ਗਈ ਅਤੇ ਉਸ ਨੇ ਪੜ੍ਹਾਈ ਛੱਡ ਦਿੱਤੀ। ਨਿਰਾਸ਼ ਹੋਇਆ ਦੁਕਾਨ 'ਤੇ ਕੰਮ ਕਰਨ ਲੱਗ ਪਿਆ। ਇਕ ਦਿਨ ਦਿਨ ਮੈਂ ਆਪਣੇ ਬੇਟੇ ਨੂੰ ਸਕੂਲ ਤੋਂ ਛੱਡ ਕੇ ਵਾਪਸ ਆ ਰਿਹਾ ਸੀ ਜਿਸ ਦੁਕਾਨ 'ਤੇ ਉਹ ਕੰਮ ਕਰਦਾ ਸੀ ਉਸੇ ਦੁਕਾਨ ਦੇ ਅੱਗੇ ਉਹ ਝਾੜੂ ਲਗਾ ਰਿਹਾ ਸੀ। ਮੈਂ ਉਸ ਨੂੰ ਪੁੱਛਿਆ ਕਿ ਬੇਟਾ ਤੂੰ ਕੰਪਾਰਟਮੈਂਟ ਦਾ ਪੇਪਰ ਕਿਉਂ ਨਹੀਂ ਭਰਿਆ? ਉਸ ਨੇ ਕਿਹਾ ਕਿ ਮੈਂ ਹੁਣ ਪੇਪਰ ਨਹੀਂ ਦੇਣਾ ਚਾਹੁੰਦੇ ਅਤੇ ਨਾ ਹੀ ਮੇਰੇ ਕੋਲ ਪੈਸੇ ਹਨ।

ਮੈਨੂੰ ਉਸ ਦੀ ਗੱਲ ਸੁਣ ਕੇ ਤਰਸ ਆ ਗਿਆ। ਮੈਂ ਉਸ ਨੂੰ ਕਿਹਾ ਕਿ ਕੰਪਾਰਟਮੈਂਟ ਦੇ ਫਾਰਮ ਨਿਕਲੇ ਹੋਏ ਹਨ ਤੂੰ ਆ ਕੇ ਫਾਰਮ ਭਰ ਸਕਦਾ ਏ। ਮੈਂ ਪੈਸੇ ਕੋਲੋਂ ਭਰ ਦੇਵਾਂਗਾ ਤੇ ਤੂੰ ਪੈਸੇ ਬਾਅਦ ਵਿਚ ਮੈਨੂੰ ਦੇ ਦੇਵੀ। ਹੱਲਾਸ਼ੇਰੀ ਦੇਣ 'ਤੇ ਉਹ ਮੇਰੇ ਕੋਲ ਕੰਪਾਰਟਮੈਂਟ ਦੇ ਫਾਰਮ ਭਰਵਾਉਣ ਆ ਗਿਆ। ਮੈਂ ਉਸ ਦੇ ਫਾਰਮ ਭਰ ਕੇ ਆਪਣੇ ਆਪ ਨੂੰ ਸੰਤੁਸ਼ਟ ਮਹਿਸੂਸ ਕਰ ਰਿਹਾ ਸੀ ਕਿ ਇਸ ਗ਼ਰੀਬ ਵਿਦਿਆਰਥੀ ਦੀ ਸਹਾਇਤਾ ਕਰਨਾ ਬਹੁਤ ਜ਼ਰੂਰੀ ਸੀ। ਥੋੜ੍ਹੇ ਸਮੇਂ ਬਾਅਦ ਉਸ ਨੇ ਮੈਨੂੰ ਪੈਸੇ ਦੋ ਕਿਸ਼ਤਾਂ ਵਿਚ ਥੋੜ੍ਹੇ-ਥੋੜ੍ਹੇ ਕਰ ਕੇ ਵਾਪਸ ਕਰ ਦਿੱਤੇ। ਉਸ ਨੇ ਕੰਪਾਰਟਮੈਂਟ ਦਾ ਪੇਪਰ ਦਿੱਤਾ ਅਤੇ ਪਾਸ ਹੋ ਗਿਆ। ਨਤੀਜਾ ਆਉਣ ਤੋਂ ਬਾਅਦ ਉਹ ਸੋਹਣੇ ਕੱਪੜੇ ਪਾ ਕੇ ਪਿੱਠ 'ਤੇ ਕਿਟ ਲਟਕਾ ਮੋਟਰਸਾਈਕਲ 'ਤੇ ਬੜੀ ਤੇਜ਼ੀ ਨਾਲ ਜਾ ਰਿਹਾ ਸੀ। ਮੈਂ ਉਸ ਨੂੰ ਬੜੇ ਪ੍ਰੇਮ ਨਾਲ ਰੋਕ ਕੇ, ਪਾਸ ਹੋਣ ਦੀਆਂ ਵਧਾਈਆਂ ਦਿੱਤੀਆਂ ਅਤੇ ਪੁੱਛਿਆ ਕਿ ਬੇਟਾ ਤੂੰ ਕਿੱਥੇ ਜਾ ਰਿਹਾ ਹੈ? ਉਸ ਨੇ ਕਿਹਾ ਹੈ ਕਿ ਮੈਂ ਪਾਸ ਹੋ ਗਿਆ ਹੁਣ ਮੈਂ ਬਾਬਿਆਂ ਦੇ ਇਕ ਹਜ਼ਾਰ ਰੁਪਏ ਦੇ ਲੱਡੂ ਸੁੱਖੇ ਸਨ ਉਹ ਚੜ੍ਹਾਉਣ ਜਾ ਰਿਹਾ ਹਾਂ। ਮੈਂ ਹੱਕਾ-ਬੱਕਾ ਹੋ ਕੇ ਉਸ ਦੇ ਮੂੰਹ ਵੱਲ ਦੇਖ ਰਿਹਾ ਸੀ। ਜਿਸ ਬਾਬੇ ਦੇ ਉਹ ਮੱਥਾ ਟੇਕਣ ਜਾ ਰਿਹਾ ਸੀ ਉਹ ਉਸ ਦੇ ਘਰ ਤੋਂ ਘੱਟੋ-ਘੱਟ ਅੱਸੀ ਕਿਲੋਮੀਟਰ ਦੂਰ ਸੀ। ਇਸ ਤੋਂ ਪਹਿਲਾਂ ਮੈਂ ਕੁਝ ਬੋਲਦਾ ਉਹ ਮੈਨੂੰ ਸਤਿ ਸ੍ਰੀ ਅਕਾਲ ਬੁਲਾ, ਕਿੱਕ ਮਾਰ ਕੇ ਬਹੁਤ ਅੱਗੇ ਨਿਕਲ ਗਿਆ ਤੇ ਮੇਰੇ ਮਨ ਵਿਚ ਕਈ ਪ੍ਰਸ਼ਨ ਉੱਠ ਰਹੇ ਸਨ।

• ਪ੍ਰਿੰ. ਸਰਬਜੀਤ ਸਿੰਘ, 94177-58355

### ਗ਼ਜ਼ਲਾਂ



ਬਿਸ਼ੰਬਰ ਅਵਾਂਖੀਆ
97818-25255

ਮੁੜ ਕਿਤੇ ਬਚਪਨ ਮਿਲਾ ਦੇ, ਐ ਖ਼ੁਦਾ।
ਰਾਖ਼ ਤੋਂ ਫਿਰ ਮਾਂ ਬਣਾਦੇ, ਐ ਖ਼ੁਦਾ।

ਬੇਲਗਾਮੀ ਤੇ ਡਰਾਉਣੀ ਭੀੜ ਵਿਚ,
ਹੱਥ ਪਿਉ ਦਾ ਫਿਰ ਫੜਾ ਦੇ, ਐ ਖ਼ੁਦਾ।

ਦਿਲ ਮੇਰੇ ਵਿਚ ਜੋ ਚਿਰਾਂ ਤੋਂ ਸੜ ਰਹੇ,
ਢੇਰ ਯਾਦਾਂ ਦੇ ਹਟਾ ਦੇ, ਐ ਖ਼ੁਦਾ।

ਨੇਰ੍ਹ ਭਰੀਆਂ ਝੁੱਗੀਆਂ ਨੂੰ ਵੀ ਕਦੀ,
ਮੁਖ ਸੂਰਜ ਦਾ ਵਿਖਾ ਦੇ, ਐ ਖ਼ੁਦਾ।

ਇਸ ਜ਼ਮੀਂ 'ਤੇ ਰਹਿਣ ਤੋਂ ਹੁਣ ਦਿਲ ਡਰੇ,
ਆਸਮਾਂ 'ਤੇ ਘਰ ਵਸਾ ਦੇ, ਐ ਖ਼ੁਦਾ।

ਔੜ ਮਾਰੀ ਜ਼ਿੰਦਗੀ ਦੀ ਧਰਤ 'ਤੇ,
ਰਹਿਮਤਾਂ ਦਾ ਮੀਂਹ ਵਰ੍ਹਾ ਦੇ, ਐ ਖ਼ੁਦਾ।

ਰੋ ਲਵਾਂ ਇਕ ਵਾਰ ਲੱਗ ਕੇ ਮੈਂ ਗਲ਼ੇ,
ਯਾਰ ਵਿਛੜੇ ਸਭ ਮਿਲਾ ਦੇ, ਐ ਖ਼ੁਦਾ।



ਰਜਿੰਦਰ ਸਿੰਘ ਰਾਜਨ
98761-84954

ਹਿੰਦੂ ਮੁਸਲਿਮ ਸਿੱਖ ਹਾਂ ਪਿੱਛੋਂ,
ਪਹਿਲਾਂ ਹਾਂ ਇਨਸਾਨ ਅਸੀਂ ਤਾਂ।
ਪੱਖਪਾਤ ਤੋਂ ਉੱਪਰ ਉੱਠ ਕੇ,
ਕਰਨਾ ਹੈ ਸਨਮਾਨ ਅਸੀਂ ਤਾਂ।

ਨਾ ਕਿਸੇ ਮਾਂ ਦੀ ਕੁੱਖ ਨੇ ਜਾਣਿਆ,
ਜੰਮ ਕੇ ਉਨ੍ਹੇ ਕੀ ਬਣਨਾ,
ਧਰਮਾਂ ਦਾ ਲਿਬਾਸ ਪਹਿਨਕੇ,
ਕਰਦੇ ਖ਼ੂਬ ਗੁਮਾਨ ਅਸੀਂ ਤਾਂ।

ਅਮੀਰ ਗ਼ਰੀਬ ਤੇ ਗੋਰਾ ਕਾਲਾ,
ਫ਼ਰਕ ਰਤਾ ਵੀ ਰੱਖਿਆ ਨਾ,
ਇੱਕੋ ਰੰਗ ਦਾ ਖ਼ੂਨ ਅਸਾਡਾ,
ਮੰਨਦੇ ਹਾਂ ਵਰਦਾਨ ਅਸੀਂ ਤਾਂ।

ਗ਼ਦਰੀ ਬਾਬੇ ਭਗਤ ਸਰਾਭੇ ,
ਚਾੜ੍ਹ ਗਏ ਕਰਜ਼ਾ ਸਾਡੇ 'ਤੇ,
ਸੁਪਨੇ ਨਾ ਜੇ ਪੂਰੇ ਕੀਤੇ,
ਕਾਹਦੇ ਨੌਜਵਾਨ ਅਸੀਂ ਤਾਂ।

ਰੱਤ ਚੂਸ ਰਹੇ ਜਨਤਾ ਦੀ ਜੋ,
ਹੱਥ ਠੱਗਾਂ ਨੂੰ ਪਾਉਣਾ ਪੈਣਾ,
ਬਣ ਕੇ ਢਾਲ ਗ਼ਰੀਬੜਿਆਂ ਦੀ,
ਹੋ ਜਾਈਏ ਕੁਰਬਾਨ ਅਸੀਂ ਤਾਂ।

ਰੋਟੀ ਨੂੰ ਹੱਥ ਅੱਟਣਾਂ ਵਾਲੇ,
ਤਾਂ ਹੀ 'ਰਾਜਨ' ਤਰਸੇ ਨੇ,
ਵੋਟਾਂ ਵੇਲੇ ਚੋਗਾ ਚੁੱਗ ਕੇ,
ਕਰਦੇ ਲੁੱਟ ਪਰਵਾਨ ਅਸੀਂ ਤਾਂ।

# ਖ਼ੂਨੀ ਵਿਸਾਖੀ ਦੀ ਅਣਗੌਲ਼ੀ ਕਵਿਤਾ



• ਡਾ. ਚਰਨਜੀਤ ਸਿੰਘ ਗੁਮਟਾਲਾ
94175-33060

ਇਸ ਕਾਲਮ ਅਧੀਨ ਅਸੀਂ ਜਲ੍ਹਿਆਂਵਾਲੇ ਬਾਗ਼ ਦੇ ਖ਼ੂਨੀ ਸਾਕੇ ਬਾਰੇ ਲਿਖੀ ਉਹ ਕਵਿਤਾ ਪਾਠਕਾਂ ਦੇ ਸਨਮੁਖ ਕਰਦੇ ਹਾਂ ਜਿਸ ਨੂੰ ਮੌਕੇ ਦੀ ਹਕੂਮਤ ਨੇ ਜ਼ਬਤ ਕਰ ਕੇ ਖ਼ਤਮ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਸੀ...



ਜਲ੍ਹਿਆਂਵਾਲਾ ਬਾਗ਼
ਸ਼ਹਾਦਤ ਦੇ 100 ਸਾਲ
ਕਿਸ਼ਤ-3

### ਹਰਨਾਮ ਸਿੰਘ (ਮਸਤ ਪੰਛੀ)

ਇਸ ਕਵੀ ਬਾਰੇ ਵੀ ਕੋਈ ਜਾਣਕਾਰੀ ਨਹੀਂ ਮਿਲਦੀ ਪਰ ਗੁਰਦੁਆਰਾ ਸੁਧਾਰ ਲਹਿਰ ਬਾਰੇ ਲਿਖੀਆਂ ਅਨੇਕਾਂ ਕਵਿਤਾਵਾਂ ਵੱਖ-ਵੱਖ ਅਖ਼ਬਾਰਾਂ, ਰਸਾਲਿਆਂ ਵਿਚ ਪ੍ਰਕਾਸ਼ਿਤ ਮਿਲਦੀਆਂ ਹਨ। ਡਾ. ਗੁਰਦੇਵ ਸਿੰਘ ਸਿੱਧੂ ਦੀ ਸੰਪਾਦਿਤ ਪੁਸਤਕ 'ਸਾਕਾ ਬਾਗ਼-ਏ-ਜਲ੍ਹਿਆਂ' ਵਿਚ ਕਵੀ ਦੁਆਰਾ ਰਚਿਤ 2 ਕਵਿਤਾਵਾਂ ਸ਼ਾਮਲ ਕੀਤੀਆਂ ਹਨ। ਪਹਿਲੀ 'ਖ਼ੂਨੀ ਡਾਇਰ' ਜੋ ਕਿ 'ਅਕਾਲੀ ਗੂੰਜ' ਨਾਂ ਦੇ ਕਾਵਿ-ਸੰਗ੍ਰਹਿ ਵਿੱਚੋਂ ਲਈ ਹੈ। ਅੰਗਰੇਜ਼ ਹਕੂਮਤ ਨੇ ਇਸ ਕਾਵਿ ਸੰਗ੍ਰਹਿ ਨੂੰ ਜ਼ਬਤ ਕਰ ਲਿਆ ਸੀ। ਕਬਿਤ ਛੰਦ ਵਿਚ ਰਚੀ ਇਸ ਰਚਨਾ ਵਿਚ ਕਵੀ ਨੇ ਹੰਟਰ ਕਮੇਟੀ ਵੱਲੋਂ ਜਲ੍ਹਿਆਂ ਵਾਲੇ ਬਾਗ਼ ਦੇ ਕਤਲੇਆਮ ਦੇ ਦੋਸ਼ੀ ਲੈਫਟੀਨੈਂਟ ਜਨਰਲ ਡਾਇਰ ਨੂੰ ਨਿਰਦੋਸ਼ ਮੰਨੇ ਜਾਣ 'ਤੇ ਅਫ਼ਸੋਸ ਪ੍ਰਗਟ ਕੀਤਾ :

#### ਖ਼ੂਨੀ ਡਾਇਰ

*ਡਾਇਰ ਕਸਾਈ ਬਰਸਾਈ ਮੀਂਹ ਵਾਂਗ ਗੋਲੀ,*
*ਭੁੰਨ ਸੁੱਟੇ ਦਾਣੇ ਵਿਚ ਜਲ੍ਹਿਆਂ ਦੇ ਬਾਗ਼ ਦੇ।*
*ਚੱਲੀ ਬਹਿ ਖ਼ੂਨ ਧਾਰਾ ਸਿੰਜਿਆ ਸੀ ਬਾਗ਼ ਜਿਸ,*
*ਡਾਇਰ ਫੁੰਕਾਰੇ ਪਿਆ ਮਾਰੇ ਵਾਂਗ ਨਾਗ ਦੇ।*

*ਚਿੜੀਆਂ ਦੀ ਮੌਤ ਪਏ ਹੱਸਦੇ ਗਵਾਰ ਯਾਰੋ,*
*ਖ਼ੂਨੀ ਪਰਚਾਉਂਦੇ ਨੇ ਦਿਲ ਨਾਲ ਰਾਗ ਦੇ।*
*ਈਹੋ ਹੀ ਪੰਜਾਬ ਰਖੀ ਯੂਰਪ ਦੀ ਆਸ ਜਿਸ,*
*ਡਾਇਰ ਨੇ ਜਿਹਨੂੰ ਰਿੰਨ੍ਹ ਦਿੱਤਾ ਵਾਂਗ ਸਾਗ ਦੇ।*
*ਹੰਟਰ ਕਮੇਟੀ ਨੇ ਵੀ ਗਲਈ ਕਮੇਟੀ ਸਾਰੀ,*
*ਕੀਤਾ ਨਾ ਨਿਆਂ ਚੰਗਾ ਇੰਡੀਆ ਦੇ ਨਾਲ ਜੀ।*

*ਹਿੰਦ ਦੇ ਸਪੂਤ ਕੋਹੇ ਬੱਕਰੇ ਦੇ ਵਾਂਗ ਜਿਸ,*
*ਬਰੀ ਹੋਇਆ ਸਾਫ਼ ਰਤਾ ਸੋਚ ਨਾ ਖਿਆਲ ਜੀ।*
*ਆਖਦੇ ਨੇ ਲੋਕ ਨਹੀਂ ਹੋਯਾ ਇਹ ਨਿਆਉਂ ਉੱਕਾ,*
*ਛੁੱਟ ਗਏ ਖ਼ੂਨੀ ਜਿਨ੍ਹਾਂ ਕੀਤਾ ਇਕ ਖਾਲ ਜੀ।*
*ਹਾਇ! ਅਨਯਾਈ ਮੌਤ ਮਾਰੇ ਗਏ ਲਾਲ ਮੇਰੇ,*
*ਹਿੰਦ ਦਾ ਪੁਕਾਰਦਾ ਹੈ ਦੁੱਖੀ ਵਾਲ ਵਾਲ ਜੀ।*

ਡਾ. ਸਿੱਧੂ ਨੇ ਦੂਜੀ ਕਵਿਤਾ 'ਜਲ੍ਹਿਆਂ ਵਾਲੇ ਬਾਗ਼ ਦਾ ਹਾਲ' ਕਵੀ ਨੇ ਕਾਵਿ ਸੰਗ੍ਰਹਿ 'ਜ਼ੁਲਮ ਦੇ ਬਾਣ ਅਰਥਾਤ ਗੋਰੇਸ਼ਾਹੀ ਜ਼ੁਲਮ ਦੀਆਂ ਝਾਕੀਆਂ' ਵਿੱਚੋਂ ਲਈ ਹੈ ਜੋ ਕਿ ਇੱਥੇ ਦਿੱਤੀ ਜਾ ਰਹੀ ਹੈ। ਇਸ ਸੰਗ੍ਰਹਿ ਵਿਚ ਕਵੀ ਨੇ ਬਜਬਜ ਘਾਟ, ਜਲ੍ਹਿਆਂਵਾਲਾ ਬਾਗ਼, ਨਨਕਾਣਾ ਸਾਹਿਬ ਆਦਿ ਸਥਾਨਾਂ ਉੱਤੇ ਕੀਤੇ ਜਬਰ ਜ਼ੁਲਮ ਦਾ ਵਰਣਨ ਕੀਤਾ ਹੈ। ਗੁਰੂ ਕਲਗੀਧਰ ਨੂੰ ਸੰਬੋਧਨ ਕਰਕੇ ਬੈਂਤ ਛੰਦ ਵਿਚ ਲਿਖੀ 'ਜਲ੍ਹਿਆਂ ਵਾਲੇ ਬਾਗ਼ ਦਾ ਹਾਲ' ਕਵਿਤਾ ਵਿਚ ਅੰਗਰੇਜ਼ਾਂ ਦੁਆਰਾ ਢਾਹੇ ਗਏ ਜ਼ੁਲਮ ਦਾ ਬਿਆਨ ਗੁਰੂ ਸਾਹਿਬ ਅੱਗੇ ਕੀਤਾ ਹੈ। ਅੰਗਰੇਜ਼ ਸਰਕਾਰ ਨੇ ਇਸ ਕਾਵਿ ਸੰਗ੍ਰਹਿ ਨੂੰ ਵੀ ਜ਼ਬਤ ਕਰ ਲਿਆ ਸੀ।

#### ਜਲ੍ਹਿਆਂਵਾਲੇ ਬਾਗ਼ ਦਾ ਹਾਲ

*ਕਲਗੀ ਵਾਲਿਆ! ਦੇਸ਼ ਪੰਜਾਬੀ ਤਾਈਂ*
*ਜ਼ਾਲਮ ਮਾਰ ਕੇ ਵੇਖ ਮੁਕਾਨ ਲੱਗ ਪਏ।*
*ਵਿਚ ਜਲ੍ਹਿਆਂ ਬਾਗ਼ ਦੇ ਆਨ ਕਰਕੇ,*
*ਵੇਖੋ ਜ਼ੁਲਮ ਦੇ ਤੀਰ ਚਲਾਨ ਲੱਗ ਪਏ।*
*ਗੋਲ਼ੀ ਮਾਰ ਕੇ ਕਾਲਜੇ ਵਿਚ ਜ਼ਾਲਮ,*
*ਅਤੇ ਭੁੱਖਿਆਂ ਤਾਈ ਸਤਾਨ ਲੱਗ ਪਏ।*
*ਜਿਹੜਾ ਜ਼ੁਲਮ ਦੀ ਕਰੇ ਹਮੈ ਬਹੁਤੀ,*
*ਓਨੂੰ ਆਪਣਾ ਯਾਰ ਬਣਾਨ ਲੱਗ ਪਏ॥1॥*

*ਭਾਰ ਢਿੱਡਾਂ ਦੇ ਸਾਨੂੰ ਚਲਾਣ ਲੱਗ ਪਏ,*
*ਇੱਜ਼ਤ ਸਾਡੀ ਨੂੰ ਖ਼ਾਕ ਮਲਾਨ ਲੱਗ ਪਏ।*
*ਡਾਇਰ ਕਾਤਲ ਨੂੰ ਮਿਲੇ ਅਨਾਮ ਭਾਰਾ,*
*ਸਮਿੱਥ ਜਹੇ ਭੀ ਕੈਹਰ ਕਮਾਨ ਲੱਗ ਪਏ।*
*ਮੀਆਂਵਾਲੜੀ ਨਗਰ ਦੇ ਵਿੱਚ ਜਾਕੇ,*
*ਘੁੰਡ ਚੁੱਕ ਕੇ ਥੁੱਕ ਥੁਕਾਨ ਲੱਗ ਪਏ।*
*ਧੀਆਂ ਭੈਣਾਂ ਦੇ ਘੁੰਡ ਲੁਹਾ ਜ਼ਾਲਮ,*
*ਫੋਟੋ ਲੈ ਇੰਗਲੈਂਡ ਪੁਚਾਨ ਲੱਗ ਪਏ ॥2॥*

*ਇਸ ਦੇਸ਼ ਤੋਂ ਪਕੜਕੇ ਧਰਮੀਆਂ ਨੂੰ,*
*ਵਿਚ ਜੇਲ੍ਹ ਦੇ ਕਿਵੇਂ ਧਕਾਨ ਲੱਗ ਪਏ।*
*ਬੇਗੁਨਾਹ ਨੂੰ ਫਾਂਸੀ ਚਾੜ੍ਹਨ ਲੱਗ ਪਏ,*
*ਅਤੇ ਪਾਪੀਆਂ ਗਲ਼ੇ ਲਗਾਨ ਲੱਗ ਪਏ।*
*ਡਾਕਟਰ ਕਿਚਲੂ ਸਤਿਆਪਾਲ ਫੜਕੇ,*
*ਮਦਨ ਮੋਹਨ ਤੇ ਗੋਲ਼ੀ ਚਲਾਨ ਲੱਗ ਪਏ।*
*'ਪੰਛੀ' ਚੈਹਕਦੇ ਪਕੜਕੇ ਬਾਗ਼ ਵਿੱਚੋਂ,*
*ਜ਼ਾਲਮ ਪਿੰਜਰੇ ਵਿਚ ਨੇ ਪਾਣ ਲੱਗ ਪਏ॥3॥*

### ਗ਼ੁਲਾਮ ਰਸੂਲ ਲੁਧਿਆਣਵੀ

ਇਸ ਕਵੀ ਬਾਰੇ ਵੀ ਕੋਈ ਜਾਣਕਾਰੀ ਨਹੀਂ ਮਿਲਦੀ। ਫ਼ਾਰਸੀ ਅੱਖਰਾਂ ਵਿਚ ਇਕ ਚੌਪਤਰਾਂ 'ਤਾਂਘਾਂ ਤਾਜ ਦੀਆਂ' ਉਨਵਾਨ ਅਧੀਨ ਪ੍ਰਕਾਸ਼ਿਤ ਹੋਇਆ ਮਿਲਦਾ ਹੈ, ਜਿਸ ਵਿਚ ਉਸ ਨੇ ਆਜ਼ਾਦੀ ਪ੍ਰਾਪਤੀ ਲਈ ਦ੍ਰਿੜਤਾ ਪ੍ਰਗਟਾਈ :

*ਮੇਰੇ ਵੱਜਣ ਕਾਲਜੇ ਛੁਰੀਆਂ*
*ਤਾਂਘਾਂ ਤਾਜ ਦੀਆਂ*
*ਕੈਪਟਨ ਸਾਡਾ ਜੇਲ੍ਹ ਪੁਚਾਇਆ*
*ਤਰਸ ਦਿਲੋਂ ਵਿਚ ਮੂਲ ਨਾ ਆਇਆ*
*ਫੌਜਾਂ ਕੌਮੀ ਸੁੰਨੀਆਂ*
*ਤਾਂਘਾ ਤਾਜ ਦੀਆਂ*
*ਮੇਰੇ ਵੱਜਣ ਕਾਲਜੇ ਛੁਰੀਆਂ*
*ਤਾਂਘਾਂ ਤਾਜ ਦੀਆਂ...*

*ਹਿੰਦੂ ਮੁਸਲਮ ਸਿੱਖ ਪਿਆਰੇ*
*ਚੱਲੋ ਭਰੀਏ ਜੇਲ੍ਹ ਨੂੰ ਸਾਰੇ*
*ਇਹ ਹੱਥਕੜੀਆਂ ਨਹੀਂ ਬੁਰੀਆਂ*
*ਤਾਂਘਾਂ ਤਾਜ ਦੀਆਂ*
*ਮੇਰੇ ਵੱਜਣ ਕਾਲਜੇ ਛੁਰੀਆਂ*
*ਤਾਂਘਾਂ ਤਾਜ ਦੀਆਂ...*

*ਨਵਾਂ ਕਾਨੂੰਨ ਦੇਖੋ ਭਾਈ*
*ਜਾ ਅਦਾਲਤ ਜੇਲ੍ਹ ਬਣਾਈ*
*ਜ਼ਾਲਮਾਂ ਫੜੀਆਂ ਛੁਰੀਆਂ*
*ਤਾਂਘਾਂ ਤਾਜ ਦੀਆਂ*
*ਮੇਰੇ ਵੱਜਣ ਕਾਲਜੇ ਛੁਰੀਆਂ*
*ਤਾਂਘਾਂ ਤਾਜ ਦੀਆਂ...*

*ਦੀਨ ਆਪਣੇ 'ਤੇ ਕਾਇਮ ਰਹਿਣਾ*
*ਆਜਜ਼ ਗ਼ੁਲਾਮ ਰਸੂਲ ਦਾ ਕਹਿਣਾ*
*ਇਹ ਆਵਣਗੀਆਂ ਆਵਾਜ਼ਾਂ*
*ਹਿੰਦ ਆਜ਼ਾਦ ਦੀਆਂ*
*ਮੇਰੇ ਵੱਜਣ ਕਾਲਜੇ ਛੁਰੀਆਂ*
*ਤਾਂਘਾਂ ਤਾਜ ਦੀਆਂ। •*

## ਭਗਵੰਤ ਮਾਨ ਸਰਕਾਰ ਸਾਬਕਾ ਸੈਨਿਕਾਂ ਦੀ ਭਲਾਈ ਲਈ ਵਚਨਬੱਧ : ਚੇਤਨ ਸਿੰਘ ਜੌੜਾਮਾਜਰਾ

# ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਪੰਜਾਬ ਦੇ ਸਾਬਕਾ ਸੈਨਿਕਾਂ ਦੀ ਭੂਮਿਕਾ ਦੀ ਕੀਤੀ ਸ਼ਲਾਘਾ: ਚੇਤਨ ਸਿੰਘ ਜੌੜਾਮਾਜਰਾ

ਚੰਡੀਗੜ੍ਹ,
-ਰੋਜ਼ਾਨਾ ਸਵੇਰਾ-

ਮੁੱਖ ਮੰਤਰੀ ਪੰਜਾਬ ਦੀ ਤਰਫੋਂ ਰੱਖਿਆ ਸੇਵਾਵਾਂ ਭਲਾਈ ਮੰਤਰੀ ਪੰਜਾਬ ਚੇਤਨ ਸਿੰਘ ਜੌੜਾਮਾਜਰਾ ਨੇ ਵਿਗਿਆਨ ਭਵਨ ਨਵੀਂ ਦਿੱਲੀ ਵਿਖੇ ਹੋਈ ਕੇਂਦਰੀ ਸੈਨਿਕ ਬੋਰਡ ਦੀ 31ਵੀਂ ਮੀਟਿੰਗ ਵਿੱਚ ਸ਼ਿਰਕਤ ਕੀਤੀ। ਇਹ ਮੀਟਿੰਗ ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਦੀ ਪ੍ਰਧਾਨਗੀ ਹੇਠ ਹੋਈ।

ਮੀਟਿੰਗ ਵਿੱਚ ਵੱਖ-ਵੱਖ ਰਾਜਾਂ ਦੇ ਮੰਤਰੀਆਂ, ਰੱਖਿਆ ਮੰਤਰਾਲੇ ਦੇ ਉੱਚ ਅਧਿਕਾਰੀਆਂ ਅਤੇ ਕੇਂਦਰੀ ਸੈਨਿਕ ਬੋਰਡ, ਸਬੰਧਤ ਰਾਜ ਸੈਨਿਕ ਬੋਰਡਾਂ ਦੇ ਹੋਰ ਉੱਚ ਅਧਿਕਾਰੀਆਂ ਨੇ ਹਿੱਸਾ ਲਿਆ।



ਇਸ ਮੀਟਿੰਗ ਦੌਰਾਨ ਰੱਖਿਆ ਮੰਤਰੀ ਨੇ ਕਿਹਾ ਕਿ ਸਾਬਕਾ ਸੈਨਿਕ ਸਾਡੀ ਕੌਮੀ ਸੰਪਤੀ ਹਨ। ਉਨ੍ਹਾਂ ਕਿਹਾ ਕਿ ਮਾਤ ਭੂਮੀ ਦੀ ਰੱਖਿਆ, ਰਾਸ਼ਟਰ ਨਿਰਮਾਣ ਅਤੇ ਹੋਰ ਕਈ ਕੁਦਰਤੀ ਆਫ਼ਤਾਂ ਵਿੱਚ ਉਨ੍ਹਾਂ ਦਾ ਯੋਗਦਾਨ ਬਹੁਤ ਹੀ ਸ਼ਲਾਘਾਯੋਗ ਹੈ। ਕੋਵਿਡ-19 ਦੌਰਾਨ ਉਨ੍ਹਾਂ ਦੇ ਯੋਗਦਾਨ ਤੋਂ ਹਰ ਕੋਈ ਵਾਕਫ਼ ਹੈ। ਉਨ੍ਹਾਂ ਨੇ ਪੰਜਾਬ ਦੇ ਸਾਬਕਾ ਸੈਨਿਕਾਂ ਦੀ ਸ਼ਲਾਘਾ ਕੀਤੀ ਜੋ ਸਾਡੀਆਂ ਸਰਹੱਦਾਂ ਦੀ ਰਾਖੀ ਲਈ ਹਮੇਸ਼ਾ ਬਹਾਦਰੀ ਨਾਲ ਲੜੇ। ਰੱਖਿਆ ਮੰਤਰੀ ਨੇ ਕਿਹਾ ਕਿ ਪੂਰਾ ਦੇਸ਼ ਹਮੇਸ਼ਾ ਉਨ੍ਹਾਂ ਦਾ ਰਿਣੀ ਰਹੇਗਾ।

ਇਸ ਮੌਕੇ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਲਈ ਵੱਖ-ਵੱਖ ਭਲਾਈ ਸਕੀਮਾਂ ਦੀ ਸਮੀਖਿਆ ਕੀਤੀ ਗਈ ਅਤੇ ਘੱਟ ਉਮਰ ਵਿੱਚ ਸੇਵਾਮੁਕਤ ਹੋਏ ਸਾਬਕਾ ਸੈਨਿਕਾਂ ਲਈ ਕੀਤੇ ਜਾਣ ਵਾਲੇ ਪੁਨਰਵਾਸ ਦੇ ਯਤਨਾਂ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ।

ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਸਾਡੇ ਸਾਬਕਾ ਸੈਨਿਕਾਂ ਦੀ ਭਲਾਈ ਲਈ ਹਰ ਸੰਭਵ ਯਤਨ ਕਰ ਰਹੀ ਹੈ ਅਤੇ ਰੱਖਿਆ ਮੰਤਰੀ ਨੇ ਸਾਬਕਾ ਸੈਨਿਕ ਭਾਈਚਾਰੇ ਦੀ ਭਲਾਈ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਦੀ ਸ਼ਲਾਘਾ ਕੀਤੀ। ਕੈਬਨਿਟ ਮੰਤਰੀ ਨੇ ਸਾਬਕਾ ਸੈਨਿਕਾਂ ਲਈ ਸਾਰੀਆਂ ਨੌਕਰੀਆਂ ਵਿੱਚ 13 ਫ਼ੀਸਦੀ ਰਾਖਵਾਂਕਰਨ ਪ੍ਰਦਾਨ ਕਰਨ ਤੋਂ ਇਲਾਵਾ ਉਨ੍ਹਾਂ ਲਈ ਵੱਖ-ਵੱਖ ਭਲਾਈ ਸਕੀਮਾਂ ਅਤੇ ਢੁੱਕਵਾਂ ਬੁਨਿਆਦੀ ਢਾਂਚਾ ਪ੍ਰਦਾਨ ਕਰਨ ਸਬੰਧੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ।

ਪੰਜਾਬ ਦੇ ਸਾਬਕਾ ਸੈਨਿਕਾਂ ਦੇ ਯੋਗਦਾਨ ਨੂੰ ਮਾਨਤਾ ਦਿੰਦਿਆਂ ਜੌੜਾਮਾਜਰਾ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੇਸ਼ ਦੀ ਸੇਵਾ ਲਈ ਸਾਰੇ ਸਾਬਕਾ ਸੈਨਿਕਾਂ ਨੂੰ ਸਲਾਮ ਕਰਦੀ ਹੈ।

# ਚੀਮਾ ਵਲੋਂ ਅੰਕੜਿਆਂ 'ਤੇ ਆਧਾਰਤ ਕਿਤਾਬ 'ਪੰਜਾਬ ਸਟੇਟ ਐਟ ਏ ਗਲਾਂਸ 2022' ਜਾਰੀ

ਚੰਡੀਗੜ੍ਹ,
-ਰੋਜ਼ਾਨਾ ਸਵੇਰਾ-

ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਇਥੇ ਯੋਜਨਾ ਵਿਭਾਗ ਦੇ ਅੰਕੜਾ ਡਾਇਰੈਕਟੋਰੇਟ ਵਲੋਂ ਵੱਖ-ਵੱਖ ਵਿਭਾਗਾਂ ਦੇ ਮਹੱਤਵਪੂਰਨ ਅੰਕੜਿਆਂ ਦਾ ਸੰਗ੍ਰਹਿ 'ਪੰਜਾਬ ਸਟੇਟ ਐਟ ਏ ਗਲਾਂਸ 2022' ਜਾਰੀ ਕੀਤਾ। ਇਸ ਕਿਤਾਬ ਵਿਚ ਪੰਜਾਬ ਦੀ ਆਰਥਿਕਤਾ ਦੇ ਵੱਖ-ਵੱਖ ਖੇਤਰਾਂ ਨਾਲ ਸਬੰਧਤ ਸਾਰੀਆਂ ਮਹੱਤਵਪੂਰਨ ਵਸਤੂਆਂ ਬਾਰੇ ਪ੍ਰਮਾਣਿਕ ਅੰਕੜੇ ਦਿੱਤੇ ਗਏ ਹਨ ਅਤੇ ਇਸ ਵਿਚ ਪੰਜਾਬ ਦੀ ਆਰਥਿਕਤਾ ਦੇ ਮਹੱਤਵਪੂਰਨ ਸਮਾਜਿਕ-ਆਰਥਿਕ ਸੂਚਕਾਂ ਬਾਰੇ ਤਾਜ਼ਾ ਉਪਲਬਧ ਅੰਕੜਿਆਂ ਨੂੰ ਸ਼ਾਮਲ ਕੀਤਾ ਗਿਆ ਹੈ।



ਇੱਥੇ ਪੰਜਾਬ ਭਵਨ ਵਿਖੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਯੋਜਨਾ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਸੂਬੇ ਦੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਦੀਆਂ ਲਾਇਬ੍ਰੇਰੀਆਂ ਵਿਚ ਇਸ ਪੁਸਤਕ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ। ਇਸ ਮੌਕੇ ਐਡਵੋਕੇਟ ਚੀਮਾ ਨੇ ਕਿਤਾਬ ਵਿਚ ਸ਼ਾਮਲ ਕੁਝ ਅੰਕੜਿਆਂ ਨੂੰ ਸਾਂਝਾ ਕਰਦਿਆਂ ਕਿਹਾ ਕਿ 2022-23 ਦੇ ਅਗਾਊਂ ਅਨੁਮਾਨਾਂ ਅਨੁਸਾਰ ਖੇਤੀਬਾੜੀ ਅਤੇ ਸਹਾਇਕ ਖੇਤਰਾਂ ਵਿਚ 3.70 ਫੀਸਦੀ, ਉਦਯੋਗ ਵਿਚ 4.33 ਫੀਸਦੀ ਅਤੇ ਸੇਵਾ ਖੇਤਰ ਵਿਚ 6.78 ਫੀਸਦੀ ਵਾਧਾ ਹੋਣ ਦਾ ਅੰਦਾਜ਼ਾ ਹੈ। ਪਸ਼ੂ ਪਾਲਣ ਖੇਤਰ ਤੇਜ਼ੀ ਨਾਲ ਵਿਕਸਤ ਹੁੰਦਿਆਂ ਖੇਤੀਬਾੜੀ ਅਤੇ ਸਹਾਇਕ ਖੇਤਰਾਂ ਦੇ ਵਿਕਾਸ ਵਿਚ ਵੱਡਾ ਯੋਗਦਾਨ ਪਾ ਰਿਹਾ ਹੈ। ਉਨ੍ਹਾਂ ਕਿਹਾ ਕਿ 2022-23 ਵਿਚ ਪਸ਼ੂ ਧਨ ਦੇ ਖੇਤਰ ਵਿਚ 4.18 ਫੀਸਦੀ ਵਾਧਾ ਹੋਣ ਦੀ ਸੰਭਾਵਨਾ ਹੈ ਅਤੇ ਇਸ ਦੌਰਾਨ ਪੰਜਾਬ ਦੀ ਗਰੌਸ ਸਟੇਟ ਵੈਲਿਊ ਐਡਿਡ (ਜੀ.ਐੱਸ.ਵੀ.ਏ.) ਵਿਚ ਪਸ਼ੂ ਧਨ ਖੇਤਰ ਦਾ ਹਿੱਸਾ 11.1 ਫੀਸਦੀ ਸੀ। ਉਨ੍ਹਾਂ ਕਿਹਾ ਕਿ ਅਗਾਊਂ ਅਨੁਮਾਨਾਂ ਅਨੁਸਾਰ 2022-23 ਵਿੱਚ ਪੰਜਾਬ ਦੀ ਪ੍ਰਤੀ ਵਿਅਕਤੀ ਆਮਦਨ ਕੌਮੀ ਪੱਧਰ ਪੱਧਰ 'ਤੇ 1,70,620 ਰੁਪਏ ਦੇ ਮੁਕਾਬਲੇ 1,73,873 ਰੁਪਏ ਹੋਣ ਦਾ ਅੰਦਾਜ਼ਾ ਹੈ। ਇਸ ਮੌਕੇ ਪ੍ਰਮੁੱਖ ਸਕੱਤਰ ਯੋਜਨਾ ਵਿਕਾਸ ਪ੍ਰਤਾਪ ਨੇ ਇਸ ਪੁਸਤਕ ਨੂੰ ਜਾਰੀ ਕਰਨ ਲਈ ਵਿੱਤ ਮੰਤਰੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਨੇ ਇਸ ਕਿਤਾਬ ਵਿਚ ਸ਼ਾਮਲ ਡੇਟਾ ਦੀਆਂ ਸਰੋਤ ਏਜੰਸੀਆਂ ਨੂੰ ਹਰੇਕ ਡਾਟਾ ਟੇਬਲ ਦੇ ਹੇਠਾਂ ਦਰਸਾਇਆ ਗਿਆ ਹੈ।

# ਜਲੰਧਰ ਲੋਕ ਸਭਾ ਜ਼ਿਮਨੀ ਚੋਣ ਦਾ ਮੈਦਾਨ ਭੱਖਣਾ ਸ਼ੁਰੂ

## ਸ਼੍ਰੋਮਣੀ ਅਕਾਲੀ ਦਲ-ਬਸਪਾ ਅਤੇ ਸ਼੍ਰੋਮਣੀ ਅਕਾਲੀ ਦਲ (ਅ) ਨੇ ਵੀ ਐਲਾਨੇ ਉਮੀਦਵਾਰ



ਜਲੰਧਰ,
-ਰੋਜ਼ਾਨਾ ਸਵੇਰਾ-

ਸ਼੍ਰੋਮਣੀ ਅਕਾਲੀ ਦਲ-ਬਸਪਾ ਵੱਲੋਂ ਜਲੰਧਰ ਜ਼ਿਮਨੀ ਚੋਣ ਲਈ ਡਾ. ਸੁਖਵਿੰਦਰ ਕੁਮਾਰ ਸੁੱਖੀ ਨੂੰ ਉਮੀਦਵਾਰ ਐਲਾਨਿਆ ਹੈ। ਦੱਸ ਦੇਈਏ ਕਿ ਸੁਖਵਿੰਦਰ ਕੁਮਾਰ ਸੁੱਖੀ ਨਵਾਂਸ਼ਹਿਰ ਦੇ ਬੰਗਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਹਨ। ਉਮੀਦਵਾਰ ਦਾ ਐਲਾਨ ਜਲੰਧਰ ਵਿਖੇ ਅਕਾਲੀ ਦਲ-ਬਸਪਾ ਦੀ ਪ੍ਰੈੱਸ ਕਾਨਫਰੰਸ ਮੌਕੇ ਕੀਤਾ ਗਿਆ। ਇਸ ਮੌਕੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਬਸਪਾ ਦੇ ਪੰਜਾਬ ਪ੍ਰਧਾਨ ਜਸਵੀਰ ਸਿੰਘ ਗੜ੍ਹੀ ,ਡਾ. ਦਲਜੀਤ ਸਿੰਘ ਚੀਮਾ, ਬਲਵਿੰਦਰ ਸਿੰਘ ਭੂੰਦੜ, ਬਲਦੇਵ ਸਿੰਘ ਖਹਿਰਾ, ਪਵਨ ਕੁਮਾਰ ਟੀਨੂੰ ਅਤੇ ਸਮੁੱਚੀ ਅਕਾਲੀ-ਬਸਪਾ ਲੀਡਰਸ਼ਿਪ ਮੌਜੂਦ ਰਹੀ।

ਦੱਸ ਦੇਈਏ ਕਿ ਜਲੰਧਰ ਜ਼ਿਮਨੀ ਚੋਣ ਨੂੰ ਲੈ ਕੇ ਸਿਆਸਤ ਪੂਰੀ ਤਰ੍ਹਾਂ ਭਖੀ ਹੋਈ ਹੈ। ਬੀਤੇ ਦਿਨੀਂ ਆਮ ਆਦਮੀ ਪਾਰਟੀ ਨੇ ਸਾਬਕਾ ਕਾਂਗਰਸੀ ਵਿਧਾਇਕ ਸੁਸ਼ੀਲ ਰਿੰਕੂ ਨੂੰ ਜਲੰਧਰ ਜ਼ਿਮਨੀ ਚੋਣ ਲਈ 'ਆਪ' ਦਾ ਉਮੀਦਵਾਰ ਐਲਾਨਿਆ ਸੀ।ਇਸ ਤੋਂ ਇਲਾਵਾ ਕਾਂਗਰਸ ਨੇ ਮਰਹੂਮ ਸੰਸਦ ਮੈਂਬਰ ਸੰਤੋਖ ਚੌਧਰੀ ਦੀ ਪਤਨੀ ਕਰਮਜੀਤ ਕੌਰ ਨੂੰ ਜ਼ਿਮਨੀ ਚੋਣ ਲਈ ਉਮੀਦਵਾਰ ਵਜੋਂ ਖੜ੍ਹੇ ਕੀਤਾ ਹੈ।



ਅਕਾਲੀ ਦਲ (ਅੰਮ੍ਰਿਤਸਰ) ਨੇ ਗੁਰਜੰਟ ਸਿੰਘ ਕੱਟੂ ਨੂੰ ਜਲੰਧਰ ਦੀ ਲੋਕ ਸਭਾ ਜ਼ਿਮਨੀ ਚੋਣ ਲਈ ਉਮੀਦਵਾਰ ਐਲਾਨਿਆ ਹੈ।

ਇਹ ਐਲਾਨ ਦਲ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਅੱਜ ਇਥੇ ਪ੍ਰੈਸ ਸੰਮੇਲਨ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਸ੍ਰੀ ਕੱਟੂ ਬਹੁਜਨ ਸਮਾਜ ਦੇ ਆਗੂ ਬਾਬੂ ਕਾਂਸ਼ੀ ਰਾਮ ਦੇ ਕਰੀਬੀ ਰਹੇ ਹਨ ਅਤੇ ਪਿਛਲੇ ਦੋ ਦਹਾਕਿਆਂ ਤੋਂ ਵੱਧ ਅਕਾਲੀ ਦਲ (ਅ) ਦੇ ਸੀਨੀਅਰ ਮੈਂਬਰ ਵਜੋਂ ਕੰਮ ਕਰ ਰਹੇ ਹਨ।











